# ਰਮਜ਼ਾਂ
(ਕਾਵਿ-ਸੰਗ੍ਰਹਿ)

## ਸਾਹਿਤਕ ਪ੍ਰਾਪਤੀਆਂ

### ਪ੍ਰਕਾਸ਼ਿਤ ਸਾਂਝੇ ਕਾਵਿ-ਸੰਗ੍ਰਹਿ

1. ਪੀਂਘ ਸਤਰੰਗੀ (2015)
2. ਕਲਮਾਂ ਦੇ ਸਿਰਨਾਵੇਂ (2015)
3. ਲੜੀਏਂ ਪਰੋਏ ਮੋਤੀ (2016)
4. ਜੋੜੀਆਂ ਜੱਗ ਥੋੜ੍ਹੀਆਂ ਕਹਾਣੀ-ਸੰਗ੍ਰਹਿ (2016)
5. ਕਲਮਾਂ ਦਾ ਸਫ਼ਰ (2017)
6. ਸਾਂਝਾਂ ਪਿਆਰ ਦੀਆਂ (2017)
7. ਕਾਵਿ-ਸੁਨੇਹਾ (2017)
8. ਚੰਨ ਸਿਤਾਰੇ ਜੁਗਨੂੰ (2017)
9. ਸਾਂਝੀਆਂ ਸੁਰਾਂ (ਕਾਵਿ-ਸੰਗ੍ਰਹਿ) 2018
10. ਕਾਰਵਾਂ (2018)

### ਸਨਮਾਨ:-

1. ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ (ਰਜਿ:)
2. ਪੰਜਾਬੀ ਸਾਹਿਤ ਸਭਾ ਅਕੈਡਮੀ, ਲੁਧਿਆਣਾ ।
3. ਭਾਈ ਕਾਨ੍ਹ ਸਿੰਘ ਨਾਭਾ, ਰਚਨਾ ਵਿਚਾਰ ਮੰਚ (ਰਜਿ:)
4. ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ।
5. ਸ਼ਿਵ ਨਾਮਦੇਵ ਆਪਣਾ ਘਰ, ਹੁਸ਼ਿਆਰਪੁਰ
6. ਧੀ ਪੰਜਾਬ ਦੀ ਨਾਮ ਨਾਲ ਸਨਮਾਨਿਤ ਵੱਲੋਂ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ (ਰਜਿ:) ਮੋਹਾਲੀ

# ਰਮਜ਼ਾਂ

ਰਣਜੀਤ ਕੌਰ ਸਵੀ

ਪ੍ਰੀਤ ਪਬਲੀਕੇਸ਼ਨ, ਨਾਭਾ

# RAMZAN

(a book of poetry)

by

**Ranjit Kaur Savi**
House No. 37, Rose Avenue,
Truck Union, Malerkotla
Distt. Sangrur-148023
Mob. 076968-74403
Email : ranjitkhokhar@gmail.com

ISBN 978-81-934958-3-4

© Author

Edition-Second

2018

Price Rs. 120/-

**Published by :**
**Preet Publications**
Thuhi Road, 40 No. Phatak, Nabha-147201
Mob. 98141-01312, 98551-00712
Email : preetpublication16@gmail.com

Printed & Bound at:
Aarna Printing Solutions, Patiala

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ**

ਮੇਰੀ
ਪਿਆਰੀ ਧੀ ਅਕਸ਼ੀਤਾ ਧੀਮਾਨ
ਦੇ ਨਾਮ

## ਤਤਕਰਾ


- ਸੁੱਚੇ ਜਜ਼ਬਿਆਂ ਦੀ ਕਵਿਤਾ : ਤਰਸੇਮ /7
- ਕਾਲੀ ਰਾਤ ਦੇ ਤਾਰਿਆਂ ਵਿੱਚ ਲਿਸ਼ਕਦਾ ਹੁਸੀਨ ਚੰਨ : ਰਣਜੀਤ ਕੌਰ ਸਵੀ /9
- ਲੇਖਿਕਾ ਵੱਲੋਂ /11
- ਰਮਜ਼ਾਂ ਦੇ ਦੂਜੇ ਅੰਕ ਨਾਲ ਵਿਚਰਦਿਆਂ /12
- ਪਿਆਰ ਦੀ ਤਲਾਸ਼ /13
- ਮੁਹੱਬਤ /14
- ਸਾਥ ਤੇਰਾ /15
- ਇਸ਼ਕ /16
- ਯਾਦਾਂ ਵਿੱਚੋਂ /17
- ਚੋਰੀ ਚੋਰੀ /18
- ਮੂੰਹ ਤੇ ਸਿਫ਼ਤਾਂ /19
- ਤੈਨੂੰ ਦਿਲ ਆਪਣੇ 'ਚ /20
- ਖਾਮੋਸ਼ੀ /21
- ਸਮੇਂ ਦੇ ਵਹਿਣ /22
- ਆਪਣੇ ਮਨ ਨੂੰ /23
- ਚਿਹਰੇ ਅੰਦਰ ਚਿਹਰੇ /24
- ਦੋਸਤ ਨੂੰ /25
- ਜੇਲ ਦਰਵਾਜ਼ੇ /26
- ਵਖ਼ਤ /27
- ਸਾਡੀ ਜਾਨ ਦੀ ਕੀਮਤ /28
- ਤੇਰਾ ਘਰ ਅੰਬਰਾਂ ਤੇ /29
- ਇਕੱਤੀ ਮਾਰਚ /30
- ਮੱਲੋ ਮੱਲੀ /31
- ਸਾਹਾਂ ਦਾ ਸਾਥੀ /32
- ਚਿਰਾਗ /33
- ਫੁੱਲ ਤੇ ਆਦਮ /34
- ਮੇਲਾ ਚਾਰ ਦਿਨਾਂ ਦਾ /36
- ਇਕੱਲਾ ਮਨ /37
- ਕੋਲ਼ ਕਦੀ ਜੇ ਬੈਠੇਂ /38
- ਦੇਸ਼ ਮੇਰੇ ਦੀ ਮਿੱਟੀ /39
- ਤੈਨੂੰ ਗ਼ਜ਼ਲ ਕਹਾ /40
- ਬੇਹਿਸਾਬ ਪਿਆਰ /41
- ਜਿੰਦ ਜਾਨ /43
- ਰੀਝਾਂ /44
- ਇੰਤਜ਼ਾਰ /45
- ਸਫ਼ਰ /46
- ਮੌਤ ਦਾ ਸੱਦਾ /48
- ਇਸ ਬਹਾਰ ਦਾ /49
- ਦੋਰਾਹਾ /50
- ਇਤਬਾਰ ਕਰਾਂ ਕਿ ਨਾ ਕਰਾਂ /51
- ਸੋਹਣਾ ਯਾਰ /53
- ਦਿਲਾਂ ਦੀਆਂ ਗੱਲਾਂ /54
- ਸ਼ਹਿਰ ਦਾ ਖਿਡੌਣਾ /55
- ਦੋ ਪਰੀਆਂ /57
- ਚੁੱਪੀ /59
- ਖਿਆਲ /61
- ਮਾਂ /62
- ਮੌਤ ਅਤੇ ਜ਼ਿੰਦਗੀ /64
- ਤਾਹਨੇ /66
- ਇਲਜ਼ਾਮ /68
- ਅਹਿਸਾਸ /70
- ਕੁੱਝ ਅਧੂਰੇ ਖੁਆਬ /71
- ਸ਼ਿਕਵਾ ਰੱਬ ਨਾਲ /73
- ਪਿਆਰ ਦੀ ਭਾਸ਼ਾ /75
- ਬਰਸਾਤ /76
- ਉਤਰਦੇ ਇਨਸਾਨੀ ਮਖੌਟੇ /77
- ਅੱਖਰਾਂ ਦੀ ਮਾਲ਼ਾ /80
- ਕਵਿਤਾ ਜਿਹੇ /81
- ਅਣਮੁੱਕੀ ਉਡੀਕ /82
- ਵਾਅਦਾ /83
- ਆਪਣਾ ਘਰ /85
- ਹੂ ਬ ਹੂ /86
- ਮੈਂ ਤੇ ਬੋਹੜ /87
- ਕਾਗਜ਼ ਕਲਮ /89
- ਸਭ ਝੂਠ ਸਮਝੇਗਾ /90
- ਰਮਜ਼ 1 /92
- ਰਮਜ਼ 2 /93
- ਰਮਜ਼ 3 /94
- ਰਮਜ਼ 4 /95
- ਰਮਜ਼ 5 /96
- ਰਮਜ਼ 6 /97
- ਰਮਜ਼ 7 /98
- ਗੂੰਗੇ ਬੋਲ /99
- ਕੁੱਝ ਲਿਖਿਆ /100
- ਕੱਚਾ ਘੜਾ /101
- ਮੈਂ ਇਕ ਔਰਤ ਹਾਂ /102
- ਨਿੱਕੀ ਜਿਹੀ ਕੋਸ਼ਿਸ਼ /104

# ਸੁੱਚੇ ਜਜ਼ਬਿਆਂ ਦੀ ਕਵਿਤਾ : ਤਰਸੇਮ

ਮੈਂ ਸੋਚਦਾਂ ਜਦ 'ਤੜਪ' ਸ਼ਬਦ ਦਾ ਅਹਿਸਾਸ ਹੋਇਆ ਹੋਵੇਗਾ ਉਦੋਂ ਹੀ ਕਵਿਤਾ ਦਾ ਉਦੈ ਹੋਇਆ ਹੋਵੇਗਾ। ਤੜਪ ਨਾਲ ਕਵਿਤਾ ਦਾ ਬਹੁਤ ਗਹਿਰਾ ਰਿਸ਼ਤਾ ਹੈ। ਅੰਦਰ ਤੜਪ ਨਾ ਹੋਵੇ ਤਾਂ ਕਵਿਤਾ ਦੀ ਸੱਚੀ ਆਮਦ ਨਹੀਂ ਹੁੰਦੀ। ਤੜਪਹੀਣ ਕਵਿਤਾ ਸੋਹਣਾ ਕਰਾਫਟ ਤਾਂ ਹੋ ਸਕਦੀ ਹੈ ਪਰ ਕਵਿਤਾ ਨਹੀਂ। ਤੜਪ ਉਹ ਸੰਵੇਦਨਸ਼ੀਲ ਜਜ਼ਬਾ ਹੈ ਜੋ ਕਿਤੇ ਵੀ ਅਸਾਵਾਂ ਵਾਪਰਦੇ ਦੇਖਦਿਆਂ ਹੀ ਮੱਲੋ-ਮੱਲੀ ਪਿਘਲ ਜਾਂਦਾ ਹੈ। ਇਹ ਜਜ਼ਬਾ ਧੱਕੇ ਨਾਲ ਪੈਦਾ ਨਹੀਂ ਹੁੰਦਾ ਹੈ। ਜਦ ਕੋਮਲ ਮਨ ਪੱਥਰ ਚਿੱਤ ਨਾਲ ਟਕਰਾ ਜਾਂਦਾ ਹੈ ਤਾਂ ਉਹਨਾਂ ਤੜਪ ਨਾਲ ਭਰੇ ਜਜ਼ਬਿਆਂ ਦਾ ਹੜ੍ਹ ਆ ਜਾਂਦਾ ਹੈ। ਅਜਿਹੇ ਪੁਖਤਾ ਅਹਿਸਾਸਾਂ ਨਾਲ ਭਰਪੂਰ ਹੈ ਰਣਜੀਤ ਕੌਰ ਸਵੀ ਦੀ ਪਹਿਲੀ ਕਾਵਿ ਪੁਸਤਕ 'ਰਮਜ਼ਾਂ'। ਸਵੀ ਕਾਵਿ ਖੇਤਰ ਵਿੱਚ ਭਾਵੇਂ ਅਸਲੋਂ ਨਵਾਂ ਨਾਂ ਹੈ ਪਰ ਉਸ ਦੀ ਕਵਿਤਾ ਦੇ ਪ੍ਰਤਿ ਤੜਪ ਉਸਦੀ ਠੋਸ ਪਛਾਣ ਬਣਾਉਣ ਦੇ ਆਹਰ 'ਚ ਹੈ।

ਹਰ ਗੱਭਰੂ-ਮੁਟਿਆਰ ਜੁਆਨੀ ਦੇ ਰਾਹ ਤੁਰਦਿਆਂ ਜੋ ਪਹਿਲਾ ਸ਼ਬਦ ਸੁਣਦਾ ਹੈ, ਭਾਵੇਂ ਕਿਹਾ ਵੀ ਨਹੀਂ ਗਿਆ ਹੁੰਦਾ ਅਤੇ ਜੋ ਪਹਿਲਾਂ ਬੋਲ ਬੋਲਦਾ ਹੈ ਭਾਵੇਂ ਕੋਈ ਸੁਣ ਵੀ ਨਹੀਂ ਰਿਹਾ ਹੁੰਦਾ, ਉਹ ਮੁਹੱਬਤ ਜਿਹਾ ਹੀ ਕੁੱਝ ਹੁੰਦਾ ਹੈ। ਸਵੀ ਦੇ ਕਾਵਿ ਦਾ ਕੇਂਦਰੀ ਚਿਹਨ ਵੀ ਮੁਹੱਬਤ ਹੀ ਹੈ। ਇਹ ਵੱਖਰੀ ਗੱਲ ਹੈ ਕਿ ਕਦੇ ਇਹ ਮੁਹੱਬਤ ਦੁਨਿਆਵੀ ਜਾਪਦੀ ਹੈ ਅਤੇ ਕਦੇ ਇਹ ਹਕੀਕੀ। ਜਿਵੇਂ ਬੁੱਲ੍ਹਾ ਆਪਣੇ ਮੁਰਸ਼ਦ ਨੂੰ ਮੁਹੱਬਤ ਕਰਦਾ ਹੈ ਜਿਵੇਂ ਫਰੀਦ ਆਪਣੇ ਕੰਤ (ਪਰਮਾਤਮਾ) ਨੂੰ ਕਰਦਾ ਹੈ। ਕਿਤੇ-ਕਿਤੇ ਸਵੀ ਦੀ ਕਵਿਤਾ ਵਿੱਚ ਅਜਿਹੇ ਝਲਕਾਰੇ ਮਿਲਦੇ ਨੇ।

"ਦਿਲ ਵਿੱਚ ਵਸਾਈ ਮੂਰਤ ਮੈਂ ਉਸ ਦਿਲਰੁਬਾ ਦੀ
ਜਿਸਦੀ ਨਾ ਸਹਿਣ ਹੋਵੇ ਅੱਖ ਪਲਕ ਵੀ ਜੁਦਾਈ।"

"ਇੱਕ ਅੱਲਾ ਦਾ ਨਾਮ ਮੁਹੱਬਤ
ਅੱਖਰਾਂ ਵਿੱਚ ਪੈਗ਼ਾਮ ਮੁਹੱਬਤ
ਸਾਹਾਂ ਵਿੱਚ ਵਸੀ ਹੈ ਤਾਹੀਉਂ
ਜਪੀਏ ਸੁਬ੍ਹਾ ਅਤੇ ਸ਼ਾਮ ਮੁਹੱਬਤ।"

ਇੱਥੇ ਬੁੱਲ੍ਹੇਸ਼ਾਹ ਦੀ ਇਕ ਕਾਫੀ ਯਾਦ ਆਉਂਦੀ ਹੈ। ਜਿਸ ਵਿੱਚ ਉਹ ਆਪਣੇ ਮੁਰਸ਼ਦ ਦੀ ਤਾਂਘ ਵਿੱਚ ਤੜਫਦਾ ਨਜ਼ਰ ਆਉਂਦਾ ਹੈ।

"ਬੁੱਲ੍ਹੇ ਸ਼ਾਹ ਸੰਗ ਪ੍ਰੀਤ ਲਗਾਈ
ਸੋਹਣੀ ਬਣ ਤਣ ਸਭ ਕੋਈ ਆਈ
ਵੇਖਕੇ ਸ਼ਾਹ ਅਨਾਇਤ ਸਾਈਂ
ਜੀ ਮੇਰਾ ਭਰ ਆਇਉ ਰੇ
ਅਬ ਕਿਉਂ ਸਾਜਨ ਚਿਰ ਲਾਇਉ ਰੇ ?"

ਸਵੀ ਆਪਣੀ ਗੱਲ ਕਹਿਣ ਲਈ ਕਵਿਤਾ, ਗ਼ਜ਼ਲ ਅਤੇ ਗੀਤ ਕਾਵਿ ਰੂਪ ਚੁਣਦੀ ਹੈ। ਤਿੰਨੇ ਰੂਪਾਂ 'ਚ ਉਹ ਆਪਣੀ ਗੱਲ ਕਹਿਣ 'ਚ ਸਫ਼ਲ ਰਹੀ ਹੈ। ਸਮਾਜ ਵਿਚ ਵਿਚਰਦਿਆਂ ਸਾਡਾ ਵਾਹ ਚੰਗੇ-ਮਾੜੇ ਵਰਤਾਰੇ ਨਾਲ ਵੀ ਪੈਂਦਾ ਹੈ। ਸਵੀ ਮਾੜੇ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਦੀ ਨਜ਼ਰ ਆਉਂਦੀ ਹੈ। ਸਵੀ ਕਿਉਂਕਿ ਔਰਤ ਹੈ ਅਤੇ ਔਰਤਾਂ ਦੇ ਦੁੱਖ-ਦਰਦ ਨੂੰ ਬੜੀ ਨੇੜਿਉਂ ਜਾਣਦੀ/ਸਮਝਦੀ ਹੈ ਅਤੇ ਔਰਤ ਦੇ ਸਵੈਮਾਨ ਦੀ ਬਹਾਲੀ ਦੀ ਤਲਾਸ਼ ਨਿਰੰਤਰ ਕਾਰਜਰਤ ਰਹਿੰਦੀ ਹੈ। ਉਹ ਮਰਦ ਦੇ ਸਾਹਵੇਂ ਇਕ ਵਸਤੂ ਵਾਂਗ ਨਹੀਂ ਬਲਕਿ ਜਾਨਦਾਰ ਬਰਾਬਰੀ ਵਾਂਗ ਪੇਸ਼ ਆਉਂਦੀ ਹੈ।

"ਮੈਂ ਇਕ ਔਰਤ ਹਾਂ", ਕਵਿਤਾ ਵਿਚ ਆਪਣੀ ਆਵਾਜ਼ ਬੁਲੰਦ ਕਰਦੀ ਹਾਂ।

"ਮੈਂ ਸਿਰਫ਼
ਤੇਰੀ ਸੇਜ਼ ਸਜਾਉਣ ਵਾਲੀ ਨਹੀਂ
ਤੇ ਨਾ ਹੀ ਘਰ ਵਿਚ ਪਈ ਕੋਈ ਬੇਜਾਨ ਵਸਤੂ
ਮੇਰੇ ਦਿਲ ਵਿੱਚ ਵੀ ਧੜਕਣ ਹੈ
ਮੈਂ ਸਿਰਫ ਪਿੰਜਰੇ 'ਚ ਰਹਿਣ ਵਾਲੀ ਚਿੜੀ ਨਹੀਂ ਹਾਂ
ਮੈਨੂੰ ਵੀ ਉੱਡਣਾ ਆਉਂਦਾ ਹੈ
ਇਹ ਆਸਮਾਨ ਇਕੱਲਾ ਤੇਰੇ ਲਈ ਕਿਉਂ ?

ਜਦੋਂ ਇਹ ਰੌਲਾ ਪਾਇਆ ਜਾ ਰਿਹਾ ਹੈ, ਕਵਿਤਾ ਤੋਂ ਪਾਠਕ ਦੂਰ ਜਾ ਰਿਹਾ ਹੈ ਤਾਂ ਉਸ ਸਮੇਂ 'ਚ ਸਵੀ ਦੀ ਕਿਤਾਬ ਦਾ ਦੂਜਾ ਸੰਸਕਰਣ ਛਪਣਾ ਕਵਿਤਾ ਦੇ ਲਈ ਸ਼ੁਭ ਸ਼ਗਨ ਹੈ। ਅੰਤ ਵਿੱਚ ਉਸਦੇ ਇਕ ਸ਼ੇਅਰ ਨਾਲ ਮੈਂ ਸਵੀ ਨੂੰ ਵਧਾਈ ਦਿੰਦਾ ਹਾਂ :

"ਨਦੀਆਂ ਵਰਗੀ ਸੋਚ ਹਮੇਸ਼ਾ ਰੱਖੀਂ ਤੂੰ,
ਵਗਦਾ ਪਾਣੀ ਸਭ ਨੂੰ ਚੰਗਾ ਲਗਦਾ ਹੈ।"

ਤਰਸੇਮ
B- VIII/814,ਦਸਮੇਸ਼ ਗਲੀ
ਨੇੜੇ ਗਾਂਧੀ ਆਰੀਆ ਹਾਈ ਸਕੂਲ,
ਬਰਨਾਲਾ-148001
ਮੋਬਾ: 98159-76485

**"ਕਾਲੀ ਰਾਤ ਦਾ ਸੀ ਸਿਰ ਉਤੇ ਝੁੰਭ ਮਰਿਆ,**
**ਤੈਨੂੰ ਭਾਲਦੀ ਫਿਰਾਂ ਵੇ ਸਾਰੀ ਰਾਤ**

# ਕਾਲੀ ਰਾਤ ਦੇ ਤਾਰਿਆਂ ਵਿੱਚ ਲਿਸ਼ਕਦਾ ਹੁਸੀਨ ਚੰਨ : ਰਣਜੀਤ ਕੌਰ ਸਵੀ

ਆਪਣੇ ਨਿਰਮਲ, ਨਿਰਛਲ, ਨਿਮਰ, ਮਿਠ ਬੋਲੜੇ ਸੁਭਾਅ ਨਾਲ ਮੋਹ ਲੈਣ ਵਾਲੀ ਸਵੀ ਨਾਲ ਮੇਰਾ ਰਾਬਤਾ ਉਸਦੀ ਕਿਸੇ ਪਰਚੇ ਵਿੱਚ ਛਪੀ ਕਿਸ ਗ਼ਜ਼ਲ ਰਾਹੀਂ ਕਿਵੇਂ ਹੋਇਆ ਇਸ ਬਾਰੇ ਬਹੁਤਾ ਕੁੱਝ ਕਹਿਣਾ ਤਾਂ ਸੰਭਵ ਨਹੀਂ ਹੋਵੇਗਾ, ਪਰ ਇੰਨਾ ਕੁ ਯਾਦ ਹੈ ਕਿ ਉਸ ਵਕਤ ਮੈਂ ਸੋਚਿਆ ਸੀ ਕਿ ਬਹੁਤ ਜਲਦੀ ਪ੍ਰਸ਼ੰਸਾ ਦੇ ਸਵੈ-ਸੰਮੋਹਣ 'ਚ ਫਸਕੇ ਸਵੀ ਨਾਮ ਵੀ ਸਾਹਿਤਕ ਹਲਕਿਆਂ ਦੀ ਭੀੜ ਵਿੱਚ ਗੁਆਚ ਜਾਵੇਗਾ ਪਰ ਇੰਝ ਨਹੀਂ ਹੋਇਆ।

ਸਵੀ ਦੀ ਕਵਿਤਾ ਦਿਨੋ-ਦਿਨ ਆਪਣੇ ਪੂਰੇ ਜਲੌਅ ਵਿੱਚ ਨਿੱਖਰਦੀ ਗਈ ਤੇ ਅੱਜ ਉਹ ਆਪਣਾ ਮੁਕਾਮ ਆਪਣੀ ਚੇਤਨਗਤ ਸੋਚ ਰਾਹੀਂ ਬੜੀ ਸ਼ਿੱਦਤ ਨਾਲ ਸਿਰਜ ਚੁੱਕੀ ਹੈ।

ਵਲ-ਛਲ ਫ਼ਰੇਬ ਤੋਂ ਕੋਹਾਂ ਦੂਰ ਸਵੀ ਨੂੰ ਇੱਜਤ ਕਰਨ ਦਾ ਸਲੀਕਾ ਪ੍ਰਮਾਤਮਾ ਵੱਲੋਂ ਧੁਰ ਦਰਗਾਹੋਂ ਬਖਸ਼ਿਸ਼ ਵਿੱਚ ਹੈ। ਸਵੀ ਦੀਆਂ ਕਵਿਤਾਵਾਂ ਦੀ ਪਹਿਲੀ ਕਿਤਾਬ 'ਰਮਜ਼ਾਂ' ਦਾ ਦੂਜਾ ਐਡੀਸ਼ਨ ਪੜ੍ਹਦੇ ਹੋਏ ਪਾਠਕ ਇਸ ਗੱਲੋਂ ਹੈਰਾਨ ਰਹਿ ਜਾਂਦਾ ਹੈ ਕਿ ਰਮਜ਼ਾਂ ਵਿਚਲੀਆਂ ਕਵਿਤਾਵਾਂ ਉਪਰੀ ਤੌਰ ਤੇ ਵੇਖਦਿਆਂ ਮਹਿਸੂਸ ਹੁੰਦਾ ਹੈ ਕਿ ਸਵੀ ਸਿਰਫ ਦੁਨਿਆਵੀ ਇਸ਼ਕ ਦੀਆਂ ਬਾਤਾਂ ਪਾ ਰਹੀ ਹੈ ਪਰ ਜਿਉਂ ਹੀ ਪਾਠਕ ਉਸਨੂੰ ਦੁਬਾਰਾ ਪੜ੍ਹਦਾ ਹੈ ਤਾਂ ਰਮਜ਼ਾਂ ਆਪਣੇ ਨਾਮ ਮੁਅੱਤਲਕ ਨਵੀਆਂ ਹੀ ਰਾਹਾਂ, ਨਵੇਂ ਭੇਦ ਤੇ ਨਵਾਂ ਮਾਹੌਲ ਸਿਰਜਦੀਆਂ ਪ੍ਰਤੀਤ ਹੁੰਦੀਆਂ ਹਨ। ਪਾਠਕ ਹੈਰਾਨ ਰਹਿ ਜਾਂਦਾ ਹੈ ਕਿ ਉਹ ਦੁਨਿਆਵੀ ਪਿਆਰ ਮੁਹੱਬਤ ਦੀਆਂ ਗੱਲਾਂ ਕਰਦੀ ਰੂਹ ਤੋਂ ਰੂਹ ਤਕ ਜਾਣ ਲਈ ਆਪਣੀ ਕਵਿਤਾ ਨੂੰ ਵਸੀਲਾ ਬਣਾਉਂਦੀ ਹੈ। ਔਰਤ ਕੀ ਹੈ ? ਮਾਂ ਰੱਬ ਤੋਂ ਵੱਡੀ ਕਿਉਂ ਹੈ ? ਉਸ ਦੀਆਂ ਕਵਿਤਾਵਾਂ ਦੇ ਬਹੁਤ ਸਾਰੇ ਵਿਸ਼ੇ ਵੇਖਕੇ ਪਾਠਕ ਸੁੱਤੇ ਸਿਧ ਜਾਣ ਲੈਂਦਾ ਹੈ ਕਿ ਉਸ ਅੰਦਰਲੀ ਮੁਹੱਬਤ ਦੀ ਤੜਪ ਕਿਸੇ ਇੱਕ ਲਈ ਨਹੀਂ ਬਲਕਿ ਉਹ ਤਾਂ ਪੂਰੇ ਬ੍ਰਹਿਮੰਡ ਦੀ ਪਰਿਕਰਮਾ ਨੂੰ ਆਪਣੀ ਮਮਤਾਮਈ ਬੁੱਕਲ ਵਿੱਚ ਭਰਦੀ ਹੋਈ ਨਜ਼ਰ ਆਉਂਦੀ ਹੈ।

ਤੁਹਾਡੀ ਗੈਰਮੌਜੂਦਗੀ ਵਿੱਚ ਤੁਹਾਡੇ ਪ੍ਰਤੀ ਅਦਬ ਤੇ ਸਤਿਕਾਰ ਭਰੇ ਲਫ਼ਜ਼ ਕਹਿਣਾ ਉਸਦੇ ਸੁਭਾਅ ਦਾ ਹਿੱਸਾ ਹਨ।

ਜੰਗਲ, ਬੇਲੇ, ਪਹਾੜ, ਬ੍ਰਿਖਾਂ ਦਾ ਮੌਨ ਸਭ ਉਸਨੂੰ ਖਿੱਚ ਪਾਉਂਦੇ ਹਨ। ਝਰਨਿਆਂ ਦੀ ਕਲਕਲ ਦਾ ਮਿੱਠਾ ਨਾਦ ਉਸਦੀ ਸੋਚ ਵਿਚਲੇ ਰੰਗਾਂ ਨੂੰ ਬਦਪਾਸਾਰੀ ਅਰਥ ਦਿੰਦਾ ਹੈ।

ਅਹੰਕਾਰ ਤੇ ਆਕੜ ਤੋਂ ਰਹਿਤ ਸਵੀ ਟਿਕੀ ਰਾਤ ਵਿੱਚ ਤਾਰਿਆਂ ਨਾਲ ਸੰਵਾਦ ਰਚਾਉਂਦੀ ਹੈ ਤੇ ਕਦੇ ਫੁੱਲਾਂ ਨਾਲ ਬਾਤਾਂ ਪਾਉਂਦੀ ਹੈ। ਨਗਮਿਆਂ ਵਰਗੀਆਂ ਗੱਲਾਂ ਕਰਦੀ ਸਵੀ ਜਿੱਥੇ ਕਵਿਤਾ ਕਹਿਣ ਦਾ ਹੁਨਰ ਜਾਣਦੀ ਹੈ ਉੱਥੇ ਤੁਹਾਡੀ ਕਵਿਤਾ ਨੂੰ ਕਿਸੇ ਮਹਿਫ਼ਲ ਵਿੱਚ ਤੁਹਾਡੇ ਨਾਮ ਨਾਲ ਸੰਬੋਧਿਤ ਕਰਕੇ ਪੂਰੇ ਵੇਗ ਨਾਲ ਸੁਣਾ ਸਕਦੀ ਹੈ। ਮਨ ਦੀ ਖੂਬਸੂਰਤ ਸਵੀ ਆਪਣੀ ਕਵਿਤਾ ਵਿੱਚ ਕੇਵਲ ਰੀਝਾਂ ਨੂੰ ਲਾਡ ਨਹੀਂ ਲਡਾਉਂਦੀ, ਬਲਕਿ ਸਮੁੱਚੀ ਔਰਤ ਜਾਤੀ ਦੀ ਅਲੰਬਰਦਾਰ ਬਣਕੇ ਉੱਭਰਦੀ ਹੈ। ਉਸਦੀ ਕਵਿਤਾ ਵਿੱਚ ਹਿੰਮਤ ਤੇ ਹੌਸਲਾ ਚੇਤਨਗਤ ਰੂਪ ਵਿੱਚ ਉਭਰਦੇ ਹਨ, ਨਾ ਕਿ ਕਿਸੇ ਮਜ਼ਬੂਰੀ ਜਾਂ ਡਰ ਦੇ ਮੁਥਾਜ ਬਣਕੇ। ਉਹ ਮਾਂ, ਭੈਣ, ਧੀ, ਪਤਨੀ ਅਤੇ ਕੰਮ ਬਣਕੇ ਇੱਜ਼ਤ ਕਰਨਾ ਜਾਣਦੀ ਹੈ ਪਰ ਧੋਖੇ, ਲਾਰੇ ਅਤੇ ਟਰਿੱਕਬਾਜ਼ੀ ਦੀ ਢੂਹੀ ਭੰਨਣ ਨੂੰ ਦੇਰ ਨਹੀਂ ਲਾਉਂਦੀ।

ਔਰਤ ਮਨ ਦੀ ਵੇਦਨਾ ਦੀਆਂ ਬਾਤਾਂ ਪਾਉਂਦੀ ਹੋਈ ਉਸਦੀ ਸੂਖਮ ਸੰਵੇਦਨਸ਼ੀਲਤਾ ਕਿਤੇ ਵੀ ਕਮਜ਼ੋਰ ਨਹੀਂ ਪੈਂਦੀ ਬਲਕਿ ਇਹ ਦਰਦੀਲਾਪਨ ਅਣਖੀਲੇਪਨ ਵਿੱਚ ਬਦਲ ਜਾਂਦਾ ਹੈ। ਉਹ ਚੰਦਰਮਾ ਦੀ ਠੰਡੀ ਚਾਣਨੀ ਦੀਆਂ ਘੁੱਟਾਂ ਭਰਨਾ ਚਾਹੁੰਦੀ ਹੈ, ਉਹ ਸਰਦ ਮੌਸਮਾਂ ਵਿੱਚ ਧੁੰਦ ਚਿੱਟੇ ਖ਼ਿਆਲਾਂ ਨਾਲ ਚਿੱਤਰ ਵਾਹੁੰਦੀ ਹੈ, ਉਹ ਬੱਦਲਾਂ ਦੀ ਠੰਡੀ ਫੁਹਾਰ ਵਿੱਚ ਨੱਚ-ਨੱਚ ਕਮਲੀ ਹੋਣਾ ਚਾਹੁੰਦੀ ਹੈ, ਬਸ਼ਰਤੇ ਕੁੱਲ ਆਲਮ ਨੂੰ ਜਲਾਉਣ ਤੁਰਿਆ ਮਨੁੱਖ ਆਪਣੇ ਕੋਹਝੇ ਇਰਾਦਿਆਂ ਤੋਂ ਬਾਜ ਆ ਜਾਵੇ।

ਉਹ ਕਿਸੇ ਅਡੋਲ ਖੜ੍ਹੇ ਬ੍ਰਿਖ ਵਾਂਗ ਪੱਤਝੜ ਤੋਂ ਬਾਅਦ ਪਰਤਦੀ ਬਹਾਰ ਲਈ ਆਸ਼ਾਵਾਨ ਹੈ। ਉਸਦੀਆਂ ਕਵਿਤਾਵਾਂ ਵਿੱਚ ਮਟਕੀਲੀਆਂ ਪੌਣਾਂ ਦਾ ਵੇਗ ਹੈ, ਸੁਰ ਤੇ ਸਾਜ਼ ਵਿਚਲੇ ਵਿਛੋੜੇ ਦੀ ਹਯਾਤੀ ਦਾ ਦਰਦ ਵੀ ਉਸਦੀ ਕਾਵਿ ਰਚਨਾ ਦਾ ਮਰਕਜ਼ ਬਣਦਾ ਹੈ। ਉਹ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪਣੀ ਕਵਿਤਾ ਰਾਹੀਂ ਯਤਨਸ਼ੀਲ ਹੈ। ਰਮਜ਼ਾਂ ਕਾਵਿ ਸੰਗ੍ਰਹਿ ਵਿਚਲੇ ਖੂਬਸੂਰਤ ਸ਼ਿਅਰਾਂ ਵਿੱਚੋਂ ਉਸਦੇ ਇੱਕ ਸ਼ਿਅਰ ਦੀ ਵੰਨਗੀ :

"ਨਦੀਆਂ ਵਰਗੀ ਸੋਚ ਹਮੇਸ਼ਾ ਰੱਖੀਂ ਤੂੰ
ਵਗਦਾ ਪਾਣੀ ਸਭ ਨੂੰ ਚੰਗਾ ਲੱਗਦਾ ਹੈ"

ਆਮੀਨ !

ਸਵਾਮੀ ਆਨੰਦ ਅਲੋਕ, ਧੂਰੀ
ਮੋਬਾ : 70099-43390

# ਲੇਖਿਕਾ ਵੱਲੋਂ

ਅਹਿਸਾਸ ਇਕ ਬਹੁਤ ਹੀ ਸੱਚੀ ਸੁੱਚੀ ਭਾਵਨਾ ਹੁੰਦੀ ਹੈ ਜੋ ਲੇਖਕ ਆਪਣੀਆਂ ਲਿਖਤਾਂ ਨਾਲ ਬਿਆਨ ਕਰਦਾ ਹੈ। ਆਪਣੇ ਅੰਦਰ ਖ਼ਿਆਲਾਂ ਨੂੰ ਸ਼ਬਦਾਂ ਦਾ ਪਹਿਰਾਵਾ ਪਹਿਨਾ ਕੇ ਪੇਸ਼ ਕਰਦਾ ਹੈ, ਜਿਸ ਨਾਲ ਲੇਖਕ ਨੂੰ ਸਕੂਨ ਮਹਿਸੂਸ ਹੁੰਦਾ ਹੈ। ਲੇਖਕ ਸਮਾਜ ਵਿਚ ਫੈਲੀਆਂ ਸਮੱਸਿਆਵਾਂ ਨੂੰ ਬੜੇ ਨੇੜਿਉਂ ਦੇਖਦਾ ਹੈ। ਆਪਣੇ ਆਲੇ-ਦੁਆਲੇ ਨੂੰ ਵੇਖ ਕੇ ਜੋ ਬੇਚੈਨੀ ਉੱਠਦੀ ਹੈ। ਉਸ ਨੂੰ ਸ਼ਾਂਤ ਕਰਨ ਲਈ ਲੇਖਕ ਦਾ ਮਨ ਆਪਣੇ-ਆਪ ਨਾਲ ਗੱਲਾਂ ਕਰਦਾ ਹੈ ਅਤੇ ਆਪਣੀਆਂ ਲਿਖਤਾਂ ਨੂੰ ਕਵਿਤਾ ਰਾਹੀਂ ਬਿਆਨ ਕਰਕੇ ਮਨ ਹਲਕਾ ਕਰਦਾ ਹੈ।

ਮੈਂ ਬੜਾ ਮਾਨ ਮਹਿਸੂਸ ਕਰਦੀ ਹਾਂ। ਇਹ ਸਾਹਿਤਕ ਖੇਤਰ ਜਿਸ ਦੇ ਬਾਰੇ ਮੈਂ ਕਦੀ ਜਾਣਦੀ ਨਹੀਂ ਸੀ, ਪਰ ਅੱਜ ਉਸ ਸਾਹਿਤਕ ਖੇਤਰ ਦਾ ਮੈਂ ਵੀ ਇਕ ਹਿੱਸਾ ਬਣ ਚੁੱਕੀ ਹਾਂ। ਆਪਣੀ ਮਾਂ ਬੋਲੀ ਦੀ ਸੇਵਾ ਕਰਦੇ ਹੋਏ ਮੈਂ ਆਪਣੀ ਹਾਜ਼ਰੀ 'ਰਮਜ਼ਾਂ' ਕਾਵਿ-ਸੰਗ੍ਰਹਿ ਨਾਲ ਲਗਾ ਚੁੱਕੀ ਹਾਂ। ਜਦੋਂ ਮੈਂ ਰਮਜ਼ਾਂ ਕਾਵਿ ਸੰਗ੍ਰਹਿ ਦੀ ਤਿਆਰੀ ਕਰਦੀ ਸੀ, ਤਾਂ ਬੜਾ ਡਰ ਮਹਿਸੂਸ ਹੋ ਰਿਹਾ ਸੀ ਕੀ ਪਾਠਕ ਮੇਰੀ ਕਵਿਤਾ ਨੂੰ ਦਿਲੋਂ ਸਵਿਕਾਰ ਕਰਨਗੇ ਜਾਂ ਨਹੀਂ ਪਰ ਮੇਰੇ ਦੋਸਤਾਂ ਨੇ ਮੈਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਤੂੰ ਆਪਣਾ ਕੰਮ ਸੱਚੇ ਦਿਲੋਂ ਕਰਦੀ ਰਹਿ ਤੇ ਬਾਕੀ ਸਭ ਵਕਤ ਤੇ ਛੱਡ ਦੇ। ਮੈਨੂੰ ਉਸ ਵੇਲੇ ਬਹੁਤ ਖ਼ੁਸ਼ੀ ਤੇ ਮਾਨ ਮਹਿਸੂਸ ਹੋਇਆ, ਜਦੋਂ ਮੇਰੀ ਕਵਿਤਾ ਨੂੰ ਪਾਠਕਾਂ ਪੜ੍ਹ ਕੇ ਪ੍ਰਸ਼ੰਸਾ ਭਰੇ ਫ਼ੋਨ ਕੀਤੇ, ਅਤੇ ਚਿੱਠੀ ਪੱਤਰ ਵੀ ਆਏ ਅਤੇ ਮੈਂ ਉਨ੍ਹਾਂ ਚਿੱਠੀ ਪੱਤਰਾਂ ਨੂੰ ਬੜੇ ਸਤਿਕਾਰ ਨਾਲ ਆਪਣੀ ਫ਼ਾਇਲ ਵਿਚ ਲਗਾ ਕੇ ਆਪਣੀ ਫਾਇਲ ਦੀ ਸ਼ੋਭਾ ਵਧਾ ਲਈ ਹੈ। ਉਹਨਾਂ ਚਿੱਠੀ ਪੱਤਰਾਂ ਵਿਚ ਮੇਰੇ ਲਈ ਮੁਬਾਰਕਾਂ ਭਰੀਆਂ ਦੁਆਵਾਂ ਤੇ ਕੁਝ ਸੁਝਾਅ ਵੀ ਸਨ। ਜਿਸ ਨਾਲ ਮੈਨੂੰ ਬੜਾ ਹੌਸਲਾ ਤੇ ਆਪਣੀਆਂ ਲਿਖਤਾਂ ਵਿਚ ਹੋਰ ਸੁਧਾਰ ਕਰਨ ਲਈ ਪ੍ਰੇਰਨਾ ਮਿਲੀ। ਮੈਂ ਬੜੀ ਖ਼ੁਸ਼ੀ ਨਾਲ ਇਹ ਗੱਲ ਸਾਂਝੀ ਕਰ ਰਹੀ ਹਾਂ ਕਿ ਮੇਰੀ ਪੁਸਤਕ ਕੁਝ ਸਮੇਂ ਵਿਚ ਹੀ ਪਾਠਕਾਂ ਵਿਚ ਪਹੁੰਚ ਗਈ ਅਤੇ ਅਜੇ ਕੁਝ ਸਾਹਿਤਕ ਦੋਸਤਾਂ ਵਲੋਂ ਰਮਜ਼ਾਂ ਦੀ ਮੰਗ ਨੂੰ ਦੇਖਦੇ ਹੋਏ ਰਮਜ਼ਾਂ ਦਾ ਦੂਜਾ ਐਡੀਸ਼ਨ ਲੈ ਕੇ ਹਾਜ਼ਰ ਹੋਣ ਜਾ ਰਹੀ ਹਾਂ, ਤਾਂ ਜੋ ਵੱਧ ਤੋਂ ਵੱਧ ਮੇਰੀ ਕਵਿਤਾ ਪਾਠਕਾਂ ਤੱਕ ਪਹੁੰਚ ਸਕੇ।

ਮੈਂ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਤੋਂ ਬਾਅਦ ਰਿਣੀ ਹਾਂ ਆਪਣੇ ਮਾਤਾ ਸ੍ਰੀਮਤੀ ਰਜਿੰਦਰ ਕੌਰ ਪਿਤਾ ਸ. ਗੁਰਮੇਲ ਸਿੰਘ ਅਤੇ ਅਰੀਜੀਤ ਸਿੰਘ ਤੇ ਮਨਜੋਤ ਸਿੰਘ ਚੀਮਾ ਜੀ ਦੀ ਜਿਨ੍ਹਾਂ ਦੇ ਬਦੌਲਤ ਸਾਹਿਤ ਜਗਤ ਵਿਚ ਮੈਂ ਆਪਣੀ ਪਹਿਚਾਣ ਬਣਾ ਪਾਈ ਹਾਂ ਅਤੇ ਨਾਲ ਹੀ ਮੈਂ ਧੰਨਵਾਦ ਕਰਦੀ ਹਾਂ ਉਹਨਾਂ ਸੂਝਵਾਨ ਲੇਖਕ, ਦੋਸਤਾਂ-ਮਿੱਤਰਾਂ ਦਾ ਜਿਨ੍ਹਾਂ ਨੇ ਮੇਰੇ ਹੌਸਲੇ ਨੂੰ ਕਦੀ ਘੱਟ ਨਹੀਂ ਹੋਣ ਦਿੱਤਾ ਤੇ ਖਾਸ ਕਰਕੇ ਸੰਜੀਵ ਗੋਇਲ (ਬਠਿੰਡਾ) ਵੈਟਰਨਰੀ ਅਫ਼ਸਰ ਜਿਨ੍ਹਾਂ ਮੇਰੀਆਂ ਕਵਿਤਾਵਾਂ ਨੂੰ ਪੜ੍ਹ ਕੇ ਮੈਨੂੰ ਦੂਜਾ ਐਡੀਸ਼ਨ ਛਾਪਣ ਲਈ ਮਾਲੀ ਮਦਦ ਕੀਤੀ। ਆਖ਼ਿਰ ਵਿਚ ਆਪਣੇ ਇਕ ਸ਼ੇਅਰ ਨਾਲ ਆਪ ਸਭ ਦਾ ਧੰਨਵਾਦ ਕਰਦੀ ਹਾਂ।

"ਯਾਦਾਂ 'ਚ ਵਾਸ ਹੋਵੇ ਇਹੀ 'ਸਵੀ' ਮੈਂ ਚਾਹਾਂ,
ਬੰਧਨਾਂ ਤੋਂ ਮੁਕਤ ਹੋ ਕੇ ਮੰਗਾਂ ਨਾ ਮੈਂ ਰਿਹਾਈ।

—ਰਣਜੀਤ ਕੌਰ ਸਵੀ

# ਰਮਜ਼ਾਂ ਦੇ ਦੂਜੇ ਅੰਕ ਨਾਲ ਵਿਚਰਦਿਆਂ

ਸੋਚ ਦਾ ਸਮੁੰਦਰ ਬਹੁਤ ਵਿਸ਼ਾਲ ਅਤੇ ਗਹਿਰਾ ਹੁੰਦਾ ਹੈ। ਜੋ ਜਿੰਨੀ ਗਹਿਰੀ ਚੁਭੀ ਮਾਰਦਾ ਹੈ, ਉਨੇ ਸ਼ਬਦ ਰੂਪੀ ਮੋਤੀ ਇੱਕਠੇ ਕਰ ਲੈ ਆਉਂਦਾ ਹੈ। ਲੋੜ ਹੈ,ਆਪਣੇ ਲਕਸ਼ ਪ੍ਰਤੀ ਸੁਚੇਤ ਅਤੇ ਇਕਾਗਰ ਹੋਣ ਦੀ, ਲਗਨ ਅਤੇ ਮਿਹਨਤ ਨਾਲ ਹਰ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਇੱਥੇ ਜੇ ਇਹ ਕਹਿ ਲਿਆ ਜਾਵੇ ਇਹ ਸਭ ਗੁਣ ਰਣਜੀਤ ਕੌਰ ਸਵੀ ਦੀ ਸੋਚ ਅਤੇ ਕਲਮ ਦਾ ਸ਼ਿੰਗਾਰ ਹਨ, ਤਾਂ ਇਸ ਵਿੱਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਬਹੁਤ ਥੋੜ੍ਹੇ ਸਮੇਂ ਵਿੱਚ ਹੀ ਉਨ੍ਹਾਂ ਨੇ ਸਾਹਿਤ ਜਗਤ ਵਿੱਚ ਆਪਣੀ ਇਕ ਚੰਗੀ ਥਾਂ ਬਣਾ ਲਈ ਹੈ, ਜੋ ਕਿ ਕਾਬਲੇ ਤਾਰੀਫ਼ ਹੈ। ਉਨ੍ਹਾਂ ਦੀ ਕਲਮ ਸ਼ਬਦਾਂ ਨਾਲ ਖੇਡਣਾ ਬਾਖੂਬੀ ਜਾਣਦੀ ਹੈ ਅਤੇ ਚੁਣ-ਚੁਣ ਮੋਤੀ ਕੋਰੇ ਪੰਨਿਆਂ 'ਤੇ ਲਾਉਣ ਦਾ ਹੁਨਰ ਵੀ ਭਲੀ ਭਾਂਤ ਆਉਂਦਾ ਹੈ। ਜਿਵੇਂ ਉਹ ਲਿਖਦੇ ਹਨ :

ਮੇਰੀ ਇਕ ਇੱਛਾ ਤੇ ਅਧਿਕਾਰ ਦੋਸਤਾ  
ਗ਼ਜ਼ਲ ਜਾਂ ਗੀਤ ਇਹ ਪਿਆਰ ਦੋਸਤਾ  
ਸ਼ਬਦ ਸਾਥ ਨਿਭਾਉਣ ਕਲਮ ਮੇਰੀ ਨਾਲ  
ਇਕ ਦਿਨ ਦੁਨੀਆਂ ਕਰੇ ਸਤਿਕਾਰ ਦੋਸਤਾ

ਅਜੇ ਕੱਲ੍ਹ ਦੀ ਹੀ ਤਾਂ ਗੱਲ ਹੈ, ਜਦੋਂ ਅਸੀ ਉਨ੍ਹਾਂ ਦੀ ਪੁਸਤਕ ਤੇ ਕੰਮ ਕੀਤਾ ਸੀ। ਉਨ੍ਹਾਂ ਦੀਆਂ ਰਚਨਾਵਾਂ ਪੜ੍ਹਦੇ ਸਮੇਂ ਮਨ ਵਿੱਚ ਇਹ ਵਿਚਾਰ ਜ਼ਰੂਰ ਆਇਆ ਸੀ, ਕਿ ਇਹ ਪੁਸਤਕ ਪਾਠਕਾਂ ਦੀ ਪਸੰਦੀਦਾ ਪੁਸਤਕਾਂ ਵਿੱਚ ਸ਼ੁਮਾਰ ਹੋਵੇਗੀ ਅਤੇ ਇਸ ਦਾ ਦੂਜਾ ਅੰਕ ਪ੍ਰਕਾਸ਼ਿਤ ਕਰਨ ਦੀ ਜ਼ਰੂਰਤ ਪਵੇਗੀ ਪਰ ਇਹ ਨਹੀਂ ਸੀ ਸੋਚਿਆ ਕਿ ਇਸ ਦਾ ਪਹਿਲਾ ਅੰਕ ਦਿਨਾਂ ਵਿੱਚ ਹੀ ਲੱਗ ਜਾਵੇਗਾ। ਅੱਜ ਇਸਦਾ ਦੂਜਾ ਅੰਕ ਪ੍ਰਕਾਸ਼ਿਤ ਕਰਦਿਆਂ ਬਹੁਤ ਖ਼ੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ। ਆਪ ਦੇ ਦਿੱਤੇ ਇਸ ਭਰਵੇਂ ਹੁੰਗਾਰੇ ਲਈ ਅਸੀਂ ਸਾਰੇ ਪਾਠਕਾਂ ਦੇ ਦਿਲੋਂ ਰਿਣੀ ਹਾਂ ਅਤੇ ਆਸ ਕਰਦੇ ਹਾਂ ਕਿ ਆਪ ਜੀ ਪਹਿਲੇ ਅੰਕ ਦੀ ਤਰ੍ਹਾਂ ਇਸ ਕਿਰਤ ਨੂੰ ਵੀ ਕਬੂਲ ਕਰੋਗੇ। ਅੰਤ ਵਿੱਚ ਮੈਂ ਰਣਜੀਤ ਕੌਰ ਸਵੀ ਜੀ ਨੂੰ ਉਨ੍ਹਾਂ ਦੀ ਪੁਸਤਕ ਰਮਜ਼ਾਂ ਦੇ ਦੂਜੇ ਅੰਕ ਪ੍ਰਕਾਸ਼ਿਤ ਹੋਣ ਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਦੁਆ ਕਰਦਾ ਹਾਂ, ਇਹ ਕਲਮ ਦਿਨ ਰਾਤ ਸਾਹਿਤ ਦੇ ਅੰਬਰ ਤੇ ਚਮਕਦੀ ਰਹੇ।ਆਖ਼ਿਰ ਵਿੱਚ ਮੈਂ ਰਣਜੀਤ ਕੌਰ ਸਵੀ ਦੀਆਂ ਇਨ੍ਹਾਂ ਸਤਰਾਂ ਨਾਲ ਸਮਾਪਤੀ ਕਰਾਂਗਾ।

ਹੱਸ ਲੈ, ਨੱਚ ਲੈ, ਗਾ ਲੈ, ਮੇਲਾ ਚਾਰ ਦਿਨਾਂ ਦਾ  
ਰੁੱਸਿਆ ਯਾਰ ਮਨਾ ਲੈ ਮੇਲਾ ਚਾਰ ਦਿਨਾਂ ਦਾ  
ਰੋਣਾ ਧੋਣਾ ਛੱਡ 'ਸਵੀ' ਖਿੜ ਫੁੱਲਾਂ ਵਾਂਗੂ  
ਨੈਣੀਂ ਕਜਲਾ ਪਾ ਲੈ ਮੇਲਾ ਚਾਰ ਦਿਨਾਂ ਦਾ

ਸੁਰਿੰਦਰਜੀਤ ਚੌਹਾਨ  
(ਪ੍ਰੀਤ ਪਬਲੀਕੇਸ਼ਨ ਨਾਭਾ)

# ਪਿਆਰ ਦੀ ਤਲਾਸ਼

ਮੈਂ ਮੰਗਦੀ ਹਾਂ ਮਾਫ਼ੀ ਤੇਰੇ ਤੋਂ
ਜੇ ਕਰ ਸਕਦੈਂ ਤਾਂ ਕਰ ਦੇਵੀਂ ਮਾਫ਼,
ਮੈਂ ਕਰਦੀ ਹਾਂ ਭੁੱਲ
ਤੈਨੂੰ ਆਪਣਾ ਕਹਿਣ ਦੀ,
ਤੂੰ ਹੈ ਵੀ ਮੇਰਾ ਤੇ ਹੈ ਵੀ ਨਹੀਂ ।
ਫਿਰ ਵੀ ਕਿਉਂ ਦਿਲ ਦੀਆਂ ਤੈਹਾਂ ਤੱਕ
ਫਰੋਲ ਦਿੰਦਾ ਹੈ।
ਹਰ ਚੀਜ਼ ਮਿਲ ਜਾਂਦੀ ਇਸ ਦੁਨੀਆਂ ਵਿਚ
ਪਰ ਮਿਲ ਨਾ ਸਕੇ ਪਿਆਰ ਸੱਚਾ !
ਲੱਭ-ਲੱਭ ਕੇ ਥੱਕ-ਥੱਕ ਕੇ ਜੇ ਮਿਲ ਵੀ ਜਾਵੇ
ਤਾਂ ਵੀ ਮੁਕੰਮਲ ਨਹੀਂ।
ਤੇ ਕਦੇ ਮਿਲੇ ਨਾ ਸੁੱਖ ਇਸ ਵਿੱਚੋਂ
ਹਰ ਪਾਸੇ ਦਰਦ, ਤੜਫ਼ ਤੇ ਮਜ਼ਬੂਰੀ,
ਫਿਰ ਕਿਉਂ ਚਾਹਾਂ ਮੈਂ ਦਰਦ ਲੈਣਾ
ਪਰ ਇਕ ਮਿੱਠਾ ਜਿਹਾ ਅਹਿਸਾਸ ਵੀ ਆਵੇ,
ਤੇਰੇ ਲਈ ਜੀਅ ਜਾਣਾ ਤੇ ਮਰ ਜਾਣਾ
ਪਰ ਲੱਗੇ ਨਾ ਪਤਾ ਕਿਸੇ ਨੂੰ
ਕੀ ਚਾਹੁੰਦੀ ਹਾਂ ਤੇ ਕੀ ਨਹੀਂ
ਸੋਹਣੇ ਯਾਰ ਪਿਆਰ ਦੀ ਤਲਾਸ਼ ਤਾਂ ਪੂਰੀ ਹੈ
ਪਰ ਪਾ ਸਕਣਾ ਮੁਮਕਿਨ ਨਹੀਂ
ਦਿਲ ਵਿੱਚ ਉੱਠਦਾ ਜਦੋਂ ਇੱਕ ਖ਼ਿਆਲ ਤੇਰਾ
ਲਿਖ ਦੇਵਾਂ ਉਹੀ ਜੋ ਕਰਾਂ
ਮਹਿਸੂਸ ਤੇਰੇ ਲਈ ।

## ਮੁਹੱਬਤ

ਇਕ ਅੱਲਾ ਦਾ ਨਾਮ ਮੁਹੱਬਤ,
ਅੱਖਰਾਂ ਵਿਚ ਪੈਗਾਮ ਮੁਹੱਬਤ।

ਸਾਹਾਂ ਦੇ ਵਿੱਚ ਵਸੀ ਹੈ,ਤਾਂਹੀਉਂ
ਜਪੀਏ ਸੁਬ੍ਹਾ ਤੇ ਸ਼ਿਆਮ ਮੁਹੱਬਤ।

ਜਾਮ ਇਸ਼ਕ ਦਾ ਪੀਂਦੇ ਜਿਹੜੇ,
ਉਹਨਾਂ ਲਈ ਤਾਂ ਧਾਮ ਮੁਹੱਬਤ।

ਮੀਰਾ ਦਾ ਮਨ ਮੰਦਰ ਹੋਇਆ
ਵਸਦਾ ਵਿਚ ਹੈ ਸ਼ਾਮ ਮੁਹੱਬਤ।

ਤੂੰ ਤੇ ਮੈਂ ਜੇ ਵਫ਼ਾ ਪਾਲ਼ਦੇ,
ਕਿਉਂ ਹੁੰਦੀ ਬਦਨਾਮ ਮੁਹੱਬਤ।

ਤੇਰੇ ਕਰਕੇ ਹੀ ਸਾਹ ਚੱਲਦੇ,
ਤੈਨੂੰ ਕਰਾਂ ਸਲਾਮ ਮੁਹੱਬਤ।

ਦੁਨੀਆਂ ਸੜਦੀ ਲੱਖ ਸੜ ਜਾਵੇ,
ਸਿਰ ਮੱਥੇ ਇਲਜ਼ਾਮ ਮੁਹੱਬਤ।

ਕੀ ਕੀਤਾ ਤੂੰ 'ਸਵੀ' ਤੇ ਜਾਦੂ,
ਸੁਣਦਾ ਹੈ ਬਸ ਨਾਮ ਮੁਹੱਬਤ।

# ਸਾਥ ਤੇਰਾ

ਮਿਲਿਆ ਹੈ ਸਾਥ ਤੇਰਾ ਪੀੜਾਂ ਤੋਂ ਰਾਹਤ ਪਾਈ,
ਤੇਰੇ ਪਿਆਰ ਨੇ ਹੀ ਜ਼ਖ਼ਮਾਂ ’ਤੇ ਮਰਹਮ ਲਾਈ।

ਪੁੰਨਿਆ ਦਾ ਚੰਨ ਪੂਰਾ ਧਰਿਆ ਹੈ ਰੂਹ ਦੇ ਅੰਦਰ,
ਲੱਗਦੈਂ ਜਿਵੇਂ ਹੈ ਬੁੱਕਲ ਮੇਰੀ ’ਚ ਕੁੱਲ ਖ਼ੁਦਾਈ।

ਉੱਡਿਆ ਮੇਰੀ ਦੇਹ ’ਚੋਂ, ਜਦ ਪਰਿੰਦਾ ਰੂਹ ਦਾ,
ਤੜਫੇ ਤੇ ਫੜ-ਫੜਾਏ ਇੰਝ-ਪੀੜ ਮੈਂ ਹੰਢਾਈ।

ਦਿਲ ਵਿਚ ਵਸਾਈ ਮੂਰਤ ਮੈਂ ਓਸ ਦਿਲਰੁਬਾ ਦੀ,
ਜਿਸ ਦੀ ਨਾ ਸਹਿਣ ਹੋਵੇ ਅੱਖ-ਪਲਕ ਵੀ ਜੁਦਾਈ।

ਮਨ ਦਾ ਬਗ਼ੀਚਾ ਖਿੜਿਆ ਹਰ ਤਰਫ਼ ਮਹਿਕ ਫ਼ੈਲੀ,
ਆਹ ਅਚਨਚੇਤ ਤੇਰੀ ਹੈ, ਯਾਦ ਕਿੱਧਰੋਂ ਆਈ।

ਫਿਰ ਉਸ ਪਿੱਛੋਂ ਸੱਚੀਂ ਨੀਂਦਰ ਹੀ ਉੱਡ ਗਈ ਹੈ,
ਚੁੰਮਣ ਨੂੰ ਦਿਲ ਮਚਲਦਾ, ਤੂੰ ਤਲਬ ਕੀ ਜਗਾਈ।

ਯਾਦਾਂ ’ਚ ਵਾਸ ਹੋਵੇ ਇਹੀ ‘ਸਵੀ’ ਮੈਂ ਚਾਹਾਂ,
ਬੰਧਨਾਂ ਤੋਂ ਮੁਕਤ ਹੋ ਕੇ ਮੰਗਾ ਨਾ ਮੈਂ ਰਿਹਾਈ।

# ਇਸ਼ਕ

ਦਿਲ ਮੇਰੇ ਦੀ ਪਿਆਸ ਬੁਝਾ ਦੇ,
ਨਜ਼ਰਾਂ ਰਾਹੀ ਜਾਮ ਪਿਲਾ ਦੇ।

ਅੱਖਾਂ ਰਾਹੀਂ ਸਮਝ ਇਸ਼ਾਰਾ,
ਅੱਖਾਂ ਰਾਹੀਂ ਗੱਲ ਸੁਣਾ ਦੇ।

ਜੋਗੀ ਆਇਆ ਆਸ ਲਗਾ ਕੇ,
ਖ਼ੈਰ ਮੁਹੱਬਤ ਝੋਲੀ ਪਾ ਦੇ।

ਹੱਡੀਂ ਰਚਿਆ ਇਸ਼ਕ ਜਿਨ੍ਹਾਂ ਦੇ,
ਵਡਭਾਗਾਂ ਦੇ ਦਰਸ ਕਰਾ ਦੇ।

ਐਸਾ ਰਾਜਾ ਲੱਭੋ ਕੋਈ,
ਗੱਫ਼ੇ ਵੰਡੇ ਭੁੱਖ ਮਿਟਾ ਦੇ।

ਸੋਚ ਸਮੁੰਦਰ ਦੇ ਵਿਚ ਘੁੰਮੇ,
ਯਾਰ 'ਸਵੀ' ਨੂੰ ਪਾਰ ਲਗਾ ਦੇ।

# ਯਾਦਾਂ ਵਿੱਚੋਂ

ਯਾਦਾਂ ਵਿੱਚੋਂ ਰਾਤੀ ਕੁੱਝ ਫਰੋਲਾਂ ਮੈਂ,
ਗੱਲ ਸੁਪਨੇ ਵਿਚ ਦਿਲ ਵਾਲੀ ਹੀ ਬੋਲਾ ਮੈਂ।

ਕੋਰੇ ਵਰਕੇ ਨਾ ਕੁੱਝ ਲਿਖਿਆ ਨਾ ਪੜ੍ਹਿਆ,
ਅੱਜ ਕੱਲ੍ਹ ਆਪਣੀਆਂ ਹੀ ਕਮੀਆਂ ਟੋਲਾਂ ਮੈਂ।

ਦਿਲ ਦੀਆਂ ਗੱਲਾਂ ਸੁਣ ਤੂੰ ਤਾਂ ਚੁੱਪ ਰਿਹਾ,
ਹੰਝੂ ਤੇਰੀ ਖ਼ਾਤਰ ਐਵੇਂ ਰੋਲ਼ਾਂ ਮੈਂ ।

ਤੇਰਾ ਲਿਖਿਆ ਨਾਮ ਕਿਤੇ ਵੀ ਨਾ ਮਿਲਦਾ,
ਪੰਨਾ ਇਕ ਇਕ ਦਿਲ ਦਾ ਜਦ ਵੀ ਖੋਲ੍ਹਾਂ ਮੈਂ।

ਕਿੰਨੀ ਖ਼ੁਸ਼ਬੂ ਮੇਰੇ ਉੱਤੋਂ ਵਾਰ ਗਏ,
ਦਿਲ ਦੀ ਤੱਕੜੀ ਦੇ ਵਿਚ ਉਸ ਨੂੰ ਤੋਲਾ ਮੈਂ।

ਦਿਲ ਉੱਤੇ ਜੋ ਬਣੇ ਨੇ ਬੋਝ ਪਹਾੜ ਵਾਂਗੂ,
ਉਹਨਾਂ ਦੇ ਸੰਗ ਕਿੱਦਾਂ ਕਰਾਂ ਕਲੋਲਾਂ ਮੈਂ।

# ਚੋਰੀ ਚੋਰੀ

ਚੋਰੀ ਚੋਰੀ ਦਿਲ ਵਿਚ ਆਇਆ ਕਰਦੇ ਨੇ,
ਉਹ ਰਾਤਾਂ ਦੀ ਨੀਂਦ ਚੁਰਾਇਆ ਕਰਦੇ ਨੇ।

ਜੋ ਰੋਂਦੇ ਨੂੰ ਵੇਖ ਦਿਲਾਸਾ ਦਿੰਦੇ ਹਨ,
ਉਹ ਯਾਰਾਂ ਦੇ ਯਾਰ ਕਹਾਇਆ ਕਰਦੇ ਨੇ।

ਘੁੱਟ ਕੁ ਪੀ ਕੇ ਗੱਪਾਂ ਮਾਰਨ ਬੰਦੇ ਜੋ,
ਬਿਪਤਾ ਵੇਲੇ ਨਜ਼ਰ ਘੁੰਮਾਇਆ ਕਰਦੇ ਨੇ।

ਦਿਲ ਦੇ ਅੰਦਰ ਨਫ਼ਰਤ ਕਰਦੇ ਸਾਨੂੰ ਉਹ,
ਗੱਲਾਂ ਵਿੱਚ ਮਿਠਾਸ ਜਤਾਇਆ ਕਰਦੇ ਨੇ।

ਛੱਡ 'ਸਵੀ' ਪਿਆਰ ਤਾਂ ਮਿਲਦਾ ਕਿਸਮਤ ਨਾਲ,
ਦਿਲਬਰ ਹੀ ਤਾਂ ਗ਼ਜ਼ਲਾਂ ਲਿਖਾਇਆ ਕਰਦੇ ਨੇ।

# ਮੂੰਹ ਤੇ ਸਿਫ਼ਤਾਂ

ਮੂੰਹ ਤੇ ਜੋ ਵਡਿਆਈ ਸਿਫ਼ਤਾਂ ਕਰਦਾ ਹੈ,
ਪਿੱਠ ਪਿੱਛੇ ਉਹ ਦੁਸ਼ਮਣ ਵਾਂਗੂ ਵਰਦਾ ਹੈ।

ਚਾਨਣ ਵਰਗੇ ਤੂੰ ਵੀ ਦੋ ਅਲਫਾਜ਼ ਕਹੀਂ,
ਘੋਰ ਹਨ੍ਹੇਰਾ ਚਾਨਣ ਤੋਂ ਹੀ ਡਰਦਾ ਹੈ।

ਚੋਰ-ਬਜ਼ਾਰੀ ਆਪੋ-ਧਾਪੀ ਹਰ ਪਾਸੇ,
ਕੌਣ ਕਿਸੇ ਲਈ ਯਾਰਾ ਇੱਥੇ ਮਰਦਾ ਹੈ।

ਮਨ ਵਿਚ ਬੇਈਮਾਨੀ ਤੇ ਝੂਠ-ਫਰੇਬੀ
ਭਗਤਾਂ ਵਾਲਾ ਰੂਪ ਬਣਾ ਉਹ ਖੜ੍ਹਦਾ ਹੈ।

ਨਦੀਆਂ ਵਰਗੀ ਸੋਚ ਹਮੇਸ਼ਾ ਰੱਖੀ ਤੂੰ
ਵਗਦਾ ਪਾਣੀ ਸਭ ਨੂੰ ਚੰਗਾ ਲੱਗਦਾ ਹੈ।

ਝੂਠ, ਮਕਾਰੀ ਵਾਲੀ ਭੀੜ ਬਜ਼ਾਰਾਂ ਵਿਚ,
'ਸਵੀ' ਹਮੇਸ਼ਾ ਸੱਚ ਹੀ ਸੂਲੀ ਚੜ੍ਹਦਾ ਹੈ।

# ਤੈਨੂੰ ਦਿਲ ਆਪਣੇ 'ਚ

ਤੈਨੂੰ ਦਿਲ ਅਪਣੇ 'ਚ ਵਸਾ ਲੈਣੈ।
ਗੀਤ ਖ਼ੁਸ਼ੀਆਂ ਦਾ ਮੈਂ ਗਾ ਲੈਣੈ।

ਜੇ ਤੂੰ ਬਾਗ 'ਚ ਫੁੱਲ ਗੁਲਾਬ ਬਣੇ,
ਵਾਲਾਂ ਆਪਣੇ ਵਿੱਚ ਸਜਾ ਲੈਣੈ।

ਜੇ ਤੂੰ ਪਾਣੀ ਵਿੱਚ ਝਨਾਬ ਵਗੇ,
ਮੈਂ ਮੱਛੀ ਬਣ ਗੋਤਾ ਲਾ ਲੈਣੈ।

ਜੇ ਤੂੰ ਕਿੱਸਾ ਇੱਕ ਮਸ਼ਹੂਰ ਬਣੇ,
ਰਾਤੀਂ ਪੜ੍ਹ ਕੇ ਵਕਤ ਟਪਾ ਲੈਣੈ।

ਪੰਛੀ ਬਣ ਮੇਰੇ ਘਰ ਆਵੇਂ ਤੂੰ,
ਧਰ ਤਲੀਆਂ ਤੇ ਚੋਗ ਚੁਗਾ ਲੈਣੈ।

ਖ਼ੁਸ਼ਬੂ ਬਣ ਜਾਵੇਂ ਜੇ ਚੰਦਨ ਦੀ,
ਆਪਣੇ ਸਾਹਾਂ ਵਿੱਚ ਵਸਾ ਲੈਣੈ।

ਮੋਤੀ ਬਣ ਜਾ ਤੂੰ ਵਿਚ *ਬਸਰਾ ਦੇ,
ਮੜ੍ਹਵਾ 'ਸਵੀ' ਨੇ ਗਲ਼ ਵਿਚ ਪਾ ਲੈਣੈ।

'ਬਸਰਾ' ਇਕ ਨਦੀ ਦਾ ਨਾਂ ਹੈ, ਜਿੱਥੇ ਬਹੁਤ ਵਧੀਆ ਕਿਸਮ ਦੇ ਮੋਤੀ ਪਾਏ ਜਾਂਦੇ ਹਨ।

## ਖਾਮੋਸ਼ੀ

ਹੋਂਦ ਮੇਰੀ ਦੀ ਖਾਮੋਸ਼ੀ ਨੂੰ, ਹਾਰ ਨਾ ਸਮਝੀ।
ਪਰਖ਼ ਰਹੀ ਹਾਲਾਤਾਂ ਨੂੰ, ਲਾਚਾਰ ਨਾ ਸਮਝੀ।

ਹਰ ਬੰਦਾ ਰਾਹਾਂ ਦੇ ਵਿਚ ਚੌਕਸ ਹੁੰਦਾ ਹੈ,
ਅਪਣੇ ਨੁਕਤੇ ਦੇ ਕੇ ਖ਼ੁਦ ਹੁਸ਼ਿਆਰ ਨਾ ਸਮਝੀ।

ਔਰਤ ਹਾਂ, ਕਮਜ਼ੋਰ ਸ਼ਬਦ ਤੋਂ ਦੂਰੀ ਚੰਗੀ,
ਭੁੱਲ ਕੇ ਵੀ ਘੁੰਗਰੂਆਂ ਦੀ ਛਣਕਾਰ ਨਾ ਸਮਝੀ।

ਕਿਰਤ ਕਰਾਂਗੇ ਬੇਸ਼ੱਕ ਮਿਲਜੇ ਰੁੱਖੀ ਸੁੱਖੀ,
ਮਾਰ ਪਈ ਹਾਲਾਤਾਂ ਤੋਂ, ਬੇਕਾਰ ਨਾ ਸਮਝੀ।

ਸੱਚ ਤੇ ਦੇਵਾਂਗੀ ਪਹਿਰਾ ਜਦ ਤਕ ਸਾਹ ਚੱਲਦੇ,
ਮੈਨੂੰ ਝੂਠੀ ਕਿੱਧਰੇ ਖ਼ਿਦਮਤਗਾਰ ਨਾ ਸਮਝੀ।

ਇਕ ਤੇਰੀ ਖ਼ੁਸ਼ੀ ਦੀ ਖ਼ਾਤਰ ਖ਼ੁਦ ਹੀ ਹਾਰੇ ਹਾਂ,
ਤੂੰ ਇਹ ਮੰਜ਼ਿਲ ਸਾਡੀ ਪਹੁੰਚੋਂ ਪਾਰ ਨਾ ਸਮਝੀ।

ਖੁੱਲ੍ਹੇ ਡੁੱਲ੍ਹੇ ਦਿਲ ਦੀ ਮਾਲਕ ਹੈ ਸਦਾ 'ਸਵੀ',
ਹਾਲਾਤਾਂ ਅੱਗੇ ਹਾਰੀ ਮੁਟਿਆਰ ਨਾ ਸਮਝੀ।

# ਸਮੇਂ ਦੇ ਵਹਿਣ

ਚਿੱਟੇ ਦਿਨ ਹੀ ਲੁੱਟੀ ਜਾਂਦੇ।
ਆਪਣੀ ਮਿੱਟੀ ਪੁੱਟੀ ਜਾਂਦੇ।

ਘਰਾਂ ਵਿੱਚ ਖ਼ੁਸ਼ਹਾਲੀ ਕਿੱਥੇ,
ਸਾਂਝੇ ਟੱਬਰ ਟੁੱਟੀ ਜਾਂਦੇ।

ਵਿੱਚ ਲਾਲਚ ਇਕ ਦੂਜੇ ਦੀ
ਸੰਘੀ ਸਾਰੇ ਘੁੱਟੀ ਜਾਂਦੇ।

ਹੋਏ ਲੁਟੇਰੇ ਸਾਧ ਪਖੰਡੀ,
ਫੇਰ ਵੀ ਲੋਕੀ ਜੁੱਟੀ ਜਾਂਦੇ।

ਪਰਜਾ ਭੋਲੀ ਰਾਜੇ ਜ਼ੁਲਮੀ,
ਲੁੱਟ ਲੁੱਟ ਕੇ ਕੁੱਟੀ ਜਾਂਦੇ।

ਜਿਹਨਾਂ ਨੇ ਇਨਸਾਫ਼ ਸੀ ਦੇਣਾ
ਸੱਚ ਦੀ ਸੰਘੀ ਘੁੱਟੀ ਜਾਂਦੇ।

ਤੁਰ ਜਾ ਏਥੋਂ ਦੂਰ 'ਸਵੀ' ਤੂੰ
ਚਿੱਕੜ ਲੋਕੀ ਸੁੱਟੀ ਜਾਂਦੇ।

# ਆਪਣੇ ਮਨ ਨੂੰ

ਆਪਣੇ ਮਨ ਨੂੰ ਖ਼ੁਦ ਸਮਝਾਉਣਾ ਚੰਗਾ ਹੈ।
ਚੰਚਲ ਦਿਲ ਤੇ ਕਾਬੂ ਪਾਉਣਾ ਚੰਗਾ ਹੈ।

ਪਿਆਰ ਮੁਹੱਬਤ ਘਾਟੇ ਵਾਲਾ ਸੌਦਾ ਨਹੀਂ,
ਸਾਂਝ ਦਿਲਾਂ ਦੀ, ਬੋਲ ਪੁਗਾਉਣਾ ਚੰਗਾ ਹੈ।

ਚਾਰ ਦਿਹਾੜੇ ਹੁਸਨ ਪ੍ਰਾਹੁਣੇ ਵਾਂਗੂ ਏ,
ਮਨ ਦੇ ਸ਼ਿਕਵੇ ਤੁਰੰਤ ਮਿਟਾਉਣਾ ਚੰਗਾ ਹੈ।

ਹੱਸ ਕੇ ਨਜ਼ਰ ਘੁੰਮਾਈ ਚਾਰ ਚੁਫ਼ੇਰੇ ਤੂੰ,
ਫੁੱਲਾਂ ਵਾਂਗਰ ਰਾਹ ਮਹਿਕਾਉਣਾ ਚੰਗਾ ਹੈ।

ਇਕ ਦੂਜੇ ਨੂੰ ਕੋਸ਼ਿਸ਼ ਸਮਝਣ ਦੀ ਕਰੀਏ,
ਕੋਲ਼ੇ ਬਹਿ ਕੇ ਦਰਦ ਵੰਡਾਉਣਾ ਚੰਗਾ ਹੈ।

ਵਾਰ ਰਿਹਾ ਜੋ ਜਾਨ ਤੁਹਾਡੇ ਉੱਤੋਂ ਦੀ,
ਉਸ ਨੂੰ ਆਪਣੇ ਸੀਨੇ ਲਾਉਣਾ ਚੰਗਾ ਹੈ।

ਵਾਂਗ 'ਸਵੀ' ਫਿਰ ਸਭ ਕੁੱਝ ਚੰਗਾ ਲੱਗੇਗਾ,
ਚੰਗੇ ਨੂੰ ਹੀ ਚੰਗਾ ਗਾਉਣਾ ਚੰਗਾ ਹੈ।

# ਚਿਹਰੇ ਅੰਦਰ ਚਿਹਰੇ

ਦੋ ਚਿਹਰੇ ਲਗਾ ਕੇ ਘੁੰਮਣ ਲੋਕ,
ਕੀ ਚੰਗਾ ਬੁਰਾ ਮਨਾਉਂਦੇ ਲੋਕ।

ਜਦ ਮਰਜ਼ੀ ਆਣ ਕੇ ਦੇਖ ਲਵੀ,
ਬੁਰਾ ਨਾ ਕਦੇ ਅਖਵਾਉਂਦੇ ਲੋਕ।

ਦੇ-ਦੇ ਹੌਸਲੇ ਜੰਮਣ ਧੀਆਂ ਨੂੰ,
ਫਿਰ ਵੀ ਛੋਟੀ ਸੋਚ ਲੜਾਉਂਦੇ ਲੋਕ।

ਘਰ ਦਾ ਭੇਤੀ  ਢਾਵੇ ਲੰਕਾ,
ਸੁਣ ਕੇ ਖ਼ੁਸ਼ੀ ਜਤਾਉਂਦੇ ਲੋਕ।

ਚੋਰ ਬਜ਼ਾਰੀ ਤੇ ਝੂਠੀ ਸਰਦਾਰੀ,
ਬਿਨ ਸੋਚੇ ਗੱਲਾਂ ਅਪਨਾਉਂਦੇ ਲੋਕ।

ਦੀਨ ਧਰਮ ਨਾ ਸੁਣਿਆ ਪੱਕਾ,
ਵਿਸ਼ਵਾਸ ਦੇ ਕੇ ਫਿਰ ਢਾਉਂਦੇ ਲੋਕ।

ਤੇਰੀ ਮੇਰੀ ਕਲਮ 'ਚ ਫ਼ਰਕ ਬੜਾ ਹੈ,
ਸੋਚ ਤੇਰੀ ਮੇਰੀ ਨੂੰ ਬਦਲਾਉਂਦੇ ਲੋਕ।

ਥੱਕ ਹਾਰ ਕੇ ਰੁਕੀ ਨਾ ਕਿਤੇ 'ਸਵੀ',
ਬੇਸ਼ੱਕ ਜਿੰਨਾਂ ਮਰਜ਼ੀ ਆਣ ਰੁਕਵਾਉਂਦੇ ਲੋਕ।

# ਦੋਸਤ ਨੂੰ

ਮੇਰੀ ਇਕ ਇੱਛਾ ਤੇ ਅਧਿਕਾਰ ਦੋਸਤਾ।
ਗ਼ਜ਼ਲ ਜਾਂ ਗੀਤ ਇਹ ਪਿਆਰ ਦੋਸਤਾ।

ਸ਼ਬਦ ਸਾਥ ਨਿਭਾਉਣ ਕਲਮ ਮੇਰੀ ਨਾਲ,
ਇਕ ਦਿਨ ਦੁਨੀਆ ਕਰੇ ਸਤਿਕਾਰ ਦੋਸਤਾ।

ਕੁੱਝ ਵੀ ਲਿਖ ਦਿਲਾ ਪਰ ਤੂੰ ਲਿਖੀ ਜਾ,
ਜੋ ਲਿਖਿਆ ਉਹ ਹੈ ਇਕਰਾਰ ਦੋਸਤਾ।

ਕੋਸ਼ਿਸ਼ ਮੇਰੀ ਸ਼ਬਦਾਂ 'ਚ ਪਾ ਲੈਣੀ ਜਾਨ,
ਤੁਸੀਂ ਹੋ ਮਾਲਕ ਮੈਂ ਤਾਂ ਤਾਬੇਦਾਰ ਦੋਸਤਾ।

ਮੇਰੇ ਬੋਲਾਂ ਦਾ ਵਜ਼ਨ ਹੋਵੇ ਬਸ ਇੰਨਾ ਕੁ,
ਗੀਤ ਕਰੇ ਜ਼ਮਾਨੇ ਨੂੰ ਖ਼ਬਰਦਾਰ ਦੋਸਤਾ।

ਇੱਛਾ ਸਭ ਦੀ ਕਿਤਾਬ ਰੂਪ 'ਚ ਹੋਵੇ ਨਾ,
ਡਰ ਇਹੋ, ਹੋਵੇ ਨਾ ਤਿਰਸਕਾਰ ਦੋਸਤਾ।

ਮੇਰੇ ਜੰਮੇ, ਜਾਏ, ਮੇਰੀ ਜਹਿਨ 'ਚੋਂ ਉਪਜੇ,
ਨਾਲ ਹੀ ਵਸੇ ਸ਼ਬਦਾਂ ਦਾ ਪਰਿਵਾਰ ਦੋਸਤਾ।

'ਸਵੀ' ਜੋ ਰਾਜ ਕਰੇਗੀ ਦਿਲਾਂ ਦੇ ਉੱਤੇ,
ਉਹੀ ਗ਼ਜ਼ਲ ਹੈ ਮੇਰੀ ਦਮਦਾਰ ਦੋਸਤਾ।

# ਜੇਲ ਦਰਵਾਜ਼ੇ

ਕੁੱਝ ਹਲਾਤ ਸੀ ਜੋ ਮਜ਼ਬੂਰੀ 'ਚ ਲੰਘੇ ।
ਕੁੱਝ ਉਹ ਵੀ ਸੀ ਜੋ ਬੇਜਾਰੀ 'ਚ ਲੰਘੇ ।

ਦਿਲ ਸੀ ਦਿਮਾਗ ਸੀ ਤੇ ਕਈ ਸਵਾਲ,
ਜਵਾਬਾਂ ਨੂੰ ਤਰਸਦੇ ਕਈ ਦਿਨ ਰਾਤ ਲੰਘੇ।

ਹਲ਼ਾਤਾਂ ਦੀ ਮਾਰ ਕੁੱਝ ਇਸ ਤਰ੍ਹਾਂ ਦੀ ਸੀ,
ਕੁੱਝ ਬਦਨਾਮ, ਕੁੱਝ ਬੇਦਾਗ ਹੋ ਕੇ ਲੰਘੇ।

ਜਾਣ ਬੁੱਝ ਕੇ ਕੌਣ ਉਸ ਥਾਂ ਤੋਂ ਗੁਜਰੇ,
ਕੁੱਝ ਪੱਕੇ ਹੋ ਕੇ ਕੁੱਝ ਆਮ ਹੋ ਕੇ ਲੰਘੇ।

ਬੰਦ ਦਰਵਾਜ਼ੇ ਤੋਂ ਕਈ ਰਾਹ ਨਿਕਲੇ,
ਕੁੱਝ ਪਥਰੀਲੇ ਕੁੱਝ ਸਾਫ਼ ਹੋ ਕੇ ਲੰਘੇ।

## ਵਕ਼ਤ

ਜਿਸਨੇ ਸਿਖਾਇਆ ਸੀ ਕਰਨਾ ਸਾਨੂੰ ਪਿਆਰ।
ਕਿਵੇਂ ਨਿਕਲੇ ਉਹ ਬੇਵਫ਼ਾ ਮੈਂ ਹੈਰਾਨ ਹੋ ਗਿਆ।

ਜਿਹੜਾ ਕਹਿੰਦਾ ਸੀ ਤੂੰ ਹੈ ਰੱਬ ਮੇਰਾ,
ਕਿਵੇਂ ਅੱਜ ਮੈਂ ਉਹਦੇ ਲਈ ਅਣਜਾਣ ਹੋ ਗਿਆ।

ਮਿੱਠੀ ਜ਼ੁਬਾਨ, ਸੂਰਤ ਤੋਂ ਭੋਲ਼ਾ ਭਾਲ਼ਾ,
ਕਿਵੇਂ ਅੱਜ ਉਸਦਾ ਚਿਹਰਾ ਸ਼ੈਤਾਨ ਹੋ ਗਿਆ।

ਪੜ੍ਹਦਾ ਮੇਰੇ ਨਾਲ ਸੀ ਕਲਮੇਂ ਸਾਰੇ ਇਸ਼ਕ ਦੇ,
ਕਿਵੇਂ ਅੱਜ ਆਪਣੇ ਆਪ ਤੇ ਗੁਮਾਨ ਹੋ ਗਿਆ।

ਜਿਹੜੇ ਸਮਝਾਉਂਦੇ ਸੀ ਚੱਲਣਾ ਸੰਭਲ ਕੇ,
ਕਿਵੇਂ ਅੱਜ ਉਹਨਾਂ ਦੇ ਹੱਥੋਂ ਨੁਕਸਾਨ ਹੋ ਗਿਆ।

ਝੂਠੀਆਂ ਕਸਮਾਂ, ਝੂਠੇ ਵਾਅਦੇ, 'ਸਵੀ' ਹੋ ਗਏ ਸਾਰੇ,
ਇਹਨਾਂ ਗੱਲਾਂ ਨਾਲ ਦਿਲ ਵੀਰਾਨ ਹੋ ਗਿਆ।

# ਸਾਡੀ ਜਾਨ ਦੀ ਕੀਮਤ

ਤੂੰ ਸਾਡੀ ਜਾਨ ਦੀ ਕੀਮਤ ਲਗਾਉਂਦਾ ਕੀ ਹੈਂ ।
ਕੋਲੋਂ ਦੀ ਲੰਘ ਮੁੱਖ ਮੋੜ ਕੇ ਜਤਾਉਂਦਾ ਕੀ ਹੈਂ।

ਨਾ ਸੋਚੀ ਲੈਣ ਲਈ ਨੀਂਦਰ 'ਚ ਤਿੜਕੇ ਸੁਪਨੇ,
ਕੌਣ ਆਏਗਾ ਜੀਵਨ 'ਚ ਦਰਸਾਉਂਦਾ ਕੀ ਹੈਂ।

ਭਰਮ ਜਿਹਾ ਪਾ ਕੇ ਵਾਅਦਾ ਪੂਰਾ ਕਰਨ ਦਾ,
ਫੇਰ ਅੱਜ ਦੇਖਾਂਗੇ ਤੂੰ ਨਿਭਾਉਂਦਾ ਕੀ ਹੈਂ।

ਆਪਣੇ ਆਪ ਨੂੰ ਦੋਸ਼ੀ ਕਰਾਰ ਦੇ ਤਾਂ ਲਿਆ,
ਦੇਖਾਂਗੇ ਕੌਣ ਆ ਕੇ ਸਮਝਾਉਂਦਾ ਕੀ ਹੈਂ।

ਮੈਂ ਝੱਲਿਆਂ ਵਾਂਗ ਵਿਹੜੇ ਤੇਰੇ 'ਚ ਰਾਂਝਣਾਂ ਨੱਚਾਂ,
ਖ਼ੁਸ਼ਬੂ ਪਿਆਰ ਵਾਲੀ ਲੈ ਕੇ ਮਹਿਕਾਉਂਦਾ ਕੀ ਹੈਂ।

# ਤੇਰਾ ਘਰ ਅੰਬਰਾਂ ਤੇ

ਤੂੰ ਰਹਿੰਦਾ ਹੈ ਅੰਬਰਾਂ ਤੇ ਚੰਨ ਵਾਂਗੂ,
ਅਸੀਂ ਚੰਨ ਤੇ ਹਾਂ ਉਸ ਦਾਗ਼ ਵਾਂਗੂ।

ਤੈਨੂੰ ਚੜ੍ਹਦੇ ਸੂਰਜ ਮੱਥਾ ਟੇਕਦੇ ਨੇ,
ਅਸੀਂ ਪੱਥਰਾਂ ਤੇ ਮਿੱਟੀ ਚਾਕ ਵਾਂਗੂ।

ਹੁਕਮ ਸਾਰੇ ਤੇਰੇ ਸਿਰ ਮੱਥੇ ਨੇ,
ਫਿਰ ਕਿਉਂ ਹਾਂ, ਅਣਸੁਣੇ ਵਾਕ ਵਾਂਗੂ।

ਤੂੰ ਉੱਚਾ ਏ, ਸੁੱਚਾ ਏਂ ਵੇ ਮੇਰੇ ਸੱਜਣਾ,
ਅਸੀਂ ਦਿਨੇ ਵੀ ਰਹਿੰਦੇ ਹਾਂ ਰਾਤ ਵਾਂਗੂ।

ਤੇਰੇ ਇੱਕ ਬੋਲ ਦਾ ਵੀ ਮੁੱਲ ਹੈ ਚੰਨਾ,
ਅਸੀਂ ਹਾਂ ਅਣਸੁਣੀ ਫ਼ਰਿਆਦ ਵਾਂਗੂ।

ਸਾਨੂੰ ਵਕਤ ਨੇ ਪਾਈ ਰੱਖਿਆ ਘੇਰੇ 'ਚ,
ਅਸੀਂ ਵੀ ਹੋਣਾ ਸੀ ਪਿਆਰ ਪਾਕ ਵਾਂਗੂ।

# ਇਕੱਤੀ ਮਾਰਚ

ਕੀ ਕੁੱਝ ਹੁੰਦਾ ਹੈ ਦੇਖੋ ਪੰਜਾਬ ’ਚ।
ਇਕੱਤੀ ਮਾਰਚ ਨੂੰ ਡੁੱਬੇ ਲੋਕ ਸ਼ਰਾਬ ’ਚ।

ਵਿਗੜੇ ਬੰਦੇ ਦੀ ਨਾ ਹੁਣ ਕੋਈ ਗੱਲ ਕਰੇ,
ਬਸ ਰਹੇ ਹਮੇਸ਼ਾ ਔਰਤ ਲੁਕੀ ਨਕਾਬ ’ਚ।

ਹੁਣ ਰਹਿ ਗਏ ਰਿਸ਼ਤੇ ਸਾਰੇ ਮਤਲਬ ਵਾਲੇ,
ਪਿਆਰ ਨਾਲ ਮਿਲਣਾ ਰਹਿ ਗਿਆ ਖ਼ਾਬ ’ਚ।

ਦੁਨੀਆ ’ਚ ਲੱਖਾਂ ਨੇ ਭਾਵੇਂ ਗਾਉਣ ਵਾਲੇ,
ਟਾਵਾਂ ਟਾਵਾਂ ਹੀ ਗਾਵੇ ਸੁਰਾਂ ਦੇ ਹਿਸਾਬ ’ਚ।

ਲੱਭਿਆ ਨਾ ਲੱਭੇ ਪਿਆਰ ਸੱਚਾ ਹੁਣ ਯਾਰਾ
ਰਹਿ ਗਿਆ ਜ਼ਿਕਰ ਕਿਸੇ ਕਵੀ ਦੀ ਕਿਤਾਬ ’ਚ।

ਬਾਗ ’ਚ ਮਿਲਣ ਭਾਵੇਂ ਫੁੱਲ ਭਾਂਤ ਭਾਂਤ ਦੇ,
ਪਰ ਮੌਜ਼ ਮੰਨਾਵੇ ਫੁੱਲ ਕਮਲ ਦਾ ਤਲਾਬ ’ਚ।

ਪੈਂਡਾ ਹੁਣ ਨਾਪਦੀਆਂ ਕਾਰਾਂ ਨੇ
ਲੈਣਾ ਕੀ ਸੋਹਣੀ ਨੇ ਤਰਕੇ ਝਨਾਬ ’ਚ।

ਗਿਆਨ ਦਾ ਭੰਡਾਰ ਲੈ ਕੇ ਲਿਖ ‘ਸਵੀ’,
ਫਿਰ ਆਉਣੀ ਮਹਿਕ ਫੁੱਲ ਗੁਲਾਬ ’ਚ।

## ਮੱਲੋ ਮੱਲੀ

ਮੱਲੋ ਮੱਲੀ ਆ ਕੇ ਖੜ੍ਹ ਜਾਵੇਂ।
ਆਪਣੀ ਗੱਲ ਤੇ ਅੜ ਜਾਵੇਂ।

ਮੰਨ ਵੀ ਜਾਂਦਾ ਹੈ ਆਪ ਹੀ,
ਕਦੀ ਕਦਾਈ ਜੋ ਲੜ ਜਾਵੇਂ।

ਵਾਂਗ ਸੋਨੇ ਦੇ ਚਮਕਣਾ ਹੈ,
ਤਾਂ ਭੱਠੀ ਵਿਚ ਰੜ੍ਹ ਜਾਵੇਂ।

ਨਫ਼ਰਤਾਂ ਦੇ ਪੱਲੇ ਪੈ ਜੇ,
ਜ਼ਿੰਦਗੀ ਯਾਰੋ ਸੜ੍ਹ ਜਾਵੇਂ।

ਚੁੱਪ ਚਪੀਤੀ ਰਹਿ ਜਾਵਾਂ,
ਮੂੰਹ ਤੇ ਤੋਹਮਤ ਮੜ੍ਹ ਜਾਵੇਂ।

ਚੁੱਪ ਕਰਾਉਣ ਦੀ ਖ਼ਾਤਿਰ,
ਸ਼ੀਸ਼ੇ ਵਿੱਚ ਜੜ੍ਹ ਜਾਵੇਂ।

ਖੁਆਬ ਚੁਰਾਏ ਜਿਸਨੇ ਮੇਰੇ,
ਸੂਲੀ ਇਸ਼ਕ ਦੀ ਉਹ ਚੜ੍ਹ ਜਾਵੇ।

## ਸਾਹਾਂ ਦਾ ਸਾਥੀ

ਜ਼ਿੰਦਗੀ ਤੇਰੇ ਤੋਂ ਬਿਨਾਂ ਅਧੂਰੀ ਹੈ
ਕਿੰਨੀ!
ਸੋਚਿਆ ਨਹੀਂ ਸੀ
ਸਾਹਾਂ ਦਾ ਸਾਥੀ ਬਣਾਉਣ ਤੋਂ ਪਹਿਲਾਂ।
ਸੋਚਿਆ ਨਹੀਂ ਸੀ!!

ਸੋਚ ਸੋਚ ਤੈਨੂੰ ਮੈਂ ਥੱਕ ਗਈ ਹਾਂ
ਅੱਕ ਗਈ ਹਾਂ, ਥੱਕ ਗਈ ਹਾਂ,
ਤੇਰੇ ਤੋਂ ਬਿਨਾਂ ਗੁਜ਼ਾਰਾ ਨਹੀਂ ਕੋਈ,
ਸੋਚਿਆ ਨਹੀਂ ਸੀ!
ਸਾਹਾਂ ਦਾ ਸਾਥੀ ਬਣਾਉਣ ਤੋਂ ਪਹਿਲਾ।

ਮੈਂ ਜਾਣਦੀ ਹਾਂ ਤੂੰ ਮੈਨੂੰ ਮਿਲਣਾ ਨਹੀਂ
ਭਾਵੇਂ ਮਿਲਣਾ ਜੁਲਣਾ ਨਹੀਂ, ਪਰ
ਤੇਰੇ ਬਿਨ ਜੀਅ ਨਹੀਂ ਪਾਉਣਾ
ਸੋਚਿਆ ਨਹੀਂ ਸੀ!
ਸਾਹਾਂ ਦਾ ਸਾਥੀ ਬਣਾਉਣ ਤੋਂ ਪਹਿਲਾ।

ਮਿਲਣ ਨੂੰ ਸਭ ਕੁੱਝ ਮਿਲ ਵੀ ਜਾਣਾ
ਮੈਂ ਜਾਣਦੀ ਵੀ ਹਾਂ,ਪਤਾ ਵੀ ਹੈ,
ਤੇਰੇ ਜਿਹਾ ਨਹੀਂ ਲੱਭਣਾ,
ਸੋਚਿਆ ਨਹੀਂ ਸੀ!
ਸਾਹਾਂ ਦਾ ਸਾਥੀ ਬਣਾਉਣ ਤੋਂ ਪਹਿਲਾ।

ਜ਼ਿੰਦਗੀ ਸੱਚ ਜਾਣੀ ਤੇਰੇ ਤੋਂ,
ਬਿਨਾਂ ਅਧੂਰੀ ਹੈ ਕਿੰਨੀ,
ਜ਼ਰੂਰੀ ਵੀ ਹੈ ਤੇ ਅਧੂਰੀ ਵੀ,
ਸੋਚਿਆ ਨਹੀਂ ਸੀ!
ਸਾਹਾਂ ਦਾ ਸਾਥੀ ਬਣਾਉਣ ਤੋਂ ਪਹਿਲਾ।
ਸੋਚਿਆ ਨਹੀਂ ਸੀ!

# ਚਿਰਾਗ

ਤੂੰ ਵਸਦੇ ਘਰਾਂ ਦਾ ਹੈ ਚਿਰਾਗ,
ਦਿਲ 'ਚ ਮਘਦਾ ਹੋਇਆ ਹੈ ਸਿਗਾਰ।

ਦਿਲ ਤੇਰੇ 'ਚ ਜੋ ਹੈ, ਤੂੰ ਜਾਣਦੀ ਹੈਂ,
ਸਮੇਂ ਨਾਲ ਵੱਧ ਰਿਹਾ ਹੈ ਵਿਰਾਗ।

ਤੇਰੇ ਤਿੱਖੇ ਤੀਰਾਂ ਵਰਗੇ ਨੇ ਸਵਾਲ,
ਸਾਰਿਆਂ ਦੇ ਹੱਥ, ਦੇ ਰਹੀ ਹੈ ਹਥਿਆਰ।

ਹੋਇਆਂ ਕੀ ਤੂੰ ਜੁਦਾ ਹੈ ਅੱਜ,
ਰਾਤ ਲੰਘਦੇ ਹੀ ਤੋੜ ਦੇਵਾਂਗੇ ਦੀਵਾਰ।

ਮਾਂ ਸਾਹਾਂ ਨਾਲ ਵਸਦੀ ਹੈ ਦਿਲਾਂ 'ਚ, ਸਵੀ
ਟੁੱਟਦੀ ਨਾ ਤੰਦ ਹੁੰਦਾ ਬੇਹਿਸਾਬ ਪਿਆਰ।

# ਫੁੱਲ ਤੇ ਆਦਮ

ਹਰ ਰੋਜ਼ ਦਹਿਲੀਜ਼ 'ਤੇ
ਫੁੱਲ ਅਦਬ ਨਾਲ
ਝੁੱਕ ਕੇ, ਤੇਰਾ ਸਿਜਦਾ ਕਰਦੇ ਨੇ।
ਕਿ ਤੇਰਾ ਸ਼ੁਰੂ ਹੋਣ ਵਾਲਾ
ਦਿਨ ਇਨ੍ਹਾਂ ਫੁੱਲਾਂ ਵਾਂਗ ਹੀ
ਖਿੜਿਆ ਹੋਵੇ।
ਤੇ ਸ਼ਾਮ ਨੂੰ ਵਾਪਸ ਘਰ
ਆਉਣ ਵੇਲੇ ਵੀ
ਮੈਂ ਸਿਰ ਝੁਕਾ ਕੇ ਖੜ੍ਹੀ ਹੋਵਾ
ਐ ਆਦਮ!
ਮੈਨੂੰ ਪਤਾ ਹੈ
ਤੂੰ ਹਮੇਸ਼ਾ ਦਹਿਲੀਜ਼ ਤੇ ਡਿੱਗੇ
ਫੁੱਲਾਂ ਨੂੰ ਦੇਖ ਕੇ ਖ਼ੁਸ਼ ਹੋ ਜਾਂਦਾ ਹੈਂ,
ਤੇ ਉਦਾਸ ਵੀ
ਕਿਉਂਕਿ ਮੈਂ ਤੇਰੇ ਪੈਰਾਂ ਹੇਠ ਆ ਕੇ
ਮਰ ਮੁੱਕ ਜਾਂਦੀ ਹਾਂ।
ਪਰ ਤੂੰ ਇਸ ਤਰ੍ਹਾਂ ਨਾ ਸੋਚਿਆ ਕਰ।
ਇਸ ਪੂਰੀ ਕਾਇਨਾਤ ਨੂੰ
ਉਸ ਖ਼ੁਦਾ ਨੇ ਇੱਕ ਬੰਨ੍ਹਣ 'ਚ ਬੰਨ੍ਹਕੇ
ਚੱਲਣ ਲਈ ਆਦੇਸ਼ ਦਿੱਤੇ ਹੋਏ ਹਨ
ਤੇ ਜੋ ਵੀ ਹੁੰਦਾ ਹੈ ਉਸ ਮਾਲਕ ਦੀ
ਇੱਛਾ ਅਨੁਸਾਰ ਹੀ ਹੁੰਦਾ ਹੈ।
ਇਸ ਲਈ ਤੂੰ ਉਦਾਸ ਨਾ ਹੋ,
ਸਗੋਂ ਮੇਰਾ ਦਿੱਤਾ ਆਦਰ, ਪਿਆਰ, ਸਤਿਕਾਰ
ਤੂੰ ਖ਼ੁਸ਼ੀ ਨਾਲ ਕਬੂਲ ਕਰਿਆ ਕਰ,ਤੇ

ਆਪਣੇ ਜੀਵਨ ਨੂੰ ਹੀ ਇਹਨਾਂ ਫੁੱਲਾਂ ਵਾਂਗ
ਬਣਾ ਲੈ।
ਜੋ ਆਪਣਾ ਆਪ ਗਵਾ ਕੇ ਹਮੇਸ਼ਾ
ਦੂਜਿਆਂ ਨੂੰ ਖੁਸ਼ੀ ਦੇ ਜਾਂਦੇ ਨੇ।
ਹਾਂ ਪਰ
ਮੈਂ ਹਰ ਰੋਜ਼ ਖਿੜੇ ਫੁੱਲਾਂ ਦੀ ਤਰ੍ਹਾਂ
ਤੇਰੀ ਉਡੀਕ 'ਚ
ਹਮੇਸ਼ਾ ਸਜਦੇ ਸਮੇਤ ਖੜ੍ਹਾਂਗੀ ।

# ਮੇਲਾ ਚਾਰ ਦਿਨਾਂ ਦਾ

ਹੱਸ ਲੈ, ਨੱਚ ਲੈ, ਗਾ ਲੈ, ਮੇਲਾ ਚਾਰ ਦਿਨਾਂ ਦਾ।
ਰੁੱਸਿਆ ਯਾਰ ਮਨਾ ਲੈ, ਮੇਲਾ ਚਾਰ ਦਿਨਾਂ ਦਾ।

ਜਾਤਾਂ ਪਾਤਾਂ ਨਾ ਪਰਖੀਂ ਸਭ ਦਾ ਮਾਲਕ ਇੱਕੋ,
ਮਾੜੀ ਸੋਚ ਮੁਕਾ ਲੈ, ਮੇਲਾ ਚਾਰ ਦਿਨਾਂ ਦਾ।

ਹਰ ਥਾਂ ਯਾਰੀ ਲਾਉਣਾ ਹੁੰਦਾ ਠੀਕ ਨਹੀਂ ਹੈ,
ਇੱਕੋ ਮੀਤ ਬਣਾ ਲੈ, ਮੇਲਾ ਚਾਰ ਦਿਨਾਂ ਦਾ।

ਮੇਰੀ ਮੇਰੀ ਕਰਦਾ ਜੱਗੋਂ ਤੁਰ ਜਾਵੇਂਗਾ ਤੂੰ,
ਇਸ਼ਕੀ ਜੋਤ ਜਗਾ ਲੈ, ਮੇਲਾ ਚਾਰ ਦਿਨਾਂ ਦਾ।

ਠੱਗਾਂ ਪਿੱਛੇ ਲੱਗ ਕੇ ਤੂੰ ਜੀਵਨ ਰੋਲ਼ੀਂ ਨਾ,
ਸੱਚਾ ਨਾਮ ਕਮਾ ਲੈ, ਮੇਲਾ ਚਾਰ ਦਿਨਾਂ ਦਾ।

ਤੇਰੇ ਬਾਝੋਂ ਦੁਨੀਆਂ ਜਾਪੇ, ਸੁੰਨੀ ਸੁੰਨੀ,
ਗਲ ਦਾ ਹਾਰ ਬਣਾ ਲੈ, ਮੇਲਾ ਚਾਰ ਦਿਨਾਂ ਦਾ ।

ਰੋਣਾ ਧੋਣਾ ਛੱਡ 'ਸਵੀ' ਖਿੜ ਫੁੱਲਾਂ ਵਾਂਗੂ,
ਨੈਣੀਂ ਕਜਲਾ ਪਾ ਲੈ, ਮੇਲਾ ਚਾਰ ਦਿਨਾਂ ਦਾ।

# ਇਕੱਲਾ ਮਨ

ਸ਼ਾਮ ਢਲੀ ਤੋਂ ਇਕੱਲਾ ਮਨ ਜਦ ਘਰ ਜਾਂਦੈ।
ਯਾਦ ਤੇਰੀ ਵਿਚ ਤਿਲ ਤਿਲ ਕਰਕੇ ਮਰ ਜਾਂਦੈ।

ਤੇਰੇ ਮੇਰੇ ਵਿਚਲੀ ਦੂਰੀ ਮਿਟਦੀ ਨਹੀਂ,
ਮਨ ਚੰਚਲ ਹੈ, ਹਾਉਂਕੇ ਲੈ ਲੈ, ਭਰ ਜਾਂਦੈ।

ਕਜਲਾ ਵੇਖਾਂ ਜਦ ਵੀ ਤੇਰੇ ਨੈਣਾਂ ਦਾ,
ਤਾਰੀ ਲਾ ਦਿਲ ਨੀਲ ਸਮੁੰਦਰ, ਤਰ ਜਾਂਦੈ।

ਦੁੱਖ ਬੜਾ ਹੀ ਦਿੰਦਾ ਤੇਰਾ ਰੁੱਸ ਬਹਿਣਾ,
ਦਿਲ ਆਪੇ ਨੂੰ ਸਮਝਾ, ਸਭ ਕੁੱਝ ਜਰ ਜਾਂਦੈ।

ਦਿਲ ਹੈ ਕਹਿੰਦਾ ਨੈਣਾਂ ਦੇ ਵਿਚ ਸਾਂਭ ਲਵੀਂ
ਨਾ ਚਾਹੁੰਦੇ ਵੀ ਦਿਲ ਕਿਉਂ ਦੂਰੀ ਕਰ ਜਾਂਦੈ।

ਤੇਰੀ ਮੇਰੀ ਪ੍ਰੀਤ ਕਹਾਣੀ ਜਦ ਛਿੜਦੀ,
ਹਰ ਕੋਈ ਆ ਕੇ ਤੁਹਮਤ ਸਿਰ ਧਰ ਜਾਂਦੈ।

ਮੰਦਰ ਮਸਜਿਦ ਪੂਜਣ ਤੋਂ ਇਨਕਾਰ ਨਹੀਂ,
ਸਿਜਦਾ ਕਰਦਾਂ ਰਾਹ ਜੋ ਤੇਰੇ ਦਰ ਜਾਂਦੈ।

ਤੇਰੇ ਮੂਹਰੇ ਹਰ ਸ਼ੈਅ ਫਿੱਕੀ ਲੱਗਦੀ ਏ,
ਨਾਲ 'ਸਵੀ' ਦੇ ਖੜ੍ਹੇ ਤਦ ਮੇਰਾ ਸਰ ਜਾਂਦੈ।

# ਕੋਲ਼ ਕਦੀ ਜੇ ਬੈਠੇਂ

ਕੋਲ ਕਦੀ ਜੇ ਬੈਠੇਂ ਤੈਨੂੰ ਹਾਲ ਸੁਣਾਵਾਂ।
ਦਿਲ ਕਮਲੈ, ਇਹ ਕਰਦੈ ਤੇਰੀ ਭਾਲ਼ ਸੁਣਾਵਾਂ।

ਹੱਸਦਾ ਹੋਇਆ ਕੋਲੋਂ ਦੀ ਜਦ ਲੰਘੇ ਮੇਰੇ,
ਲੈ ਜਾਂਦਾ ਉਹ ਕੀ ਕੀ! ਮੇਰਾ ਨਾਲ ਸੁਣਾਵਾਂ।

ਜਦ ਵੀ ਮੈਨੂੰ ਆਉਂਦੀ ਜਾਂਦੀ ਤੱਕ ਲਵੇਂ ਤੂੰ,
ਫਿਰ ਬਦਲਦੀ ਮੇਰੀ ਸੋਹਣੀ ਚਾਲ ਸੁਣਾਵਾਂ।

ਦਿਲ ਦੀ ਮੈਨਾ ਖ਼ੂਬ ਉਡਾਰੀ ਲਾਵੇ ਉੱਚੀ,
ਕਿੱਦਾਂ ਬੁਣਦੈ ਇਸ਼ਕੇ ਦਾ ਉਹ ਜਾਲ ਸੁਣਾਵਾਂ।

ਤੇਰੇ ਖ਼ਾਤਿਰ ਗੀਤ ਲਿਖੇ ਮੈਂ ਚਾਈਂ ਚਾਈਂ,
ਹੇਕ ਲਗਾ ਕੇ ਗਾਵੀਂ ਤੂੰ ਸੁਰ ਤਾਲ ਸੁਣਾਵਾਂ।

ਨੂਰ ਜਿਹਾ ਚੜ੍ਹ ਜਾਂਦੈ ਬਸ ਤੇਰਾ ਨਾਂ ਲੈਂਦੇ,
ਸਦਾ 'ਸਵੀ' ਰਹਿੰਦੀ ਕਿੱਦਾਂ ਖ਼ੁਸ਼ਹਾਲ ਸੁਣਾਵਾਂ।

# ਦੇਸ਼ ਮੇਰੇ ਦੀ ਮਿੱਟੀ

ਦੇਸ਼ ਮੇਰੇ ਦੀ ਮਿੱਟੀ ਦਾ ਇਹ ਹਾਲ ਬਣਾਵੋ ਨਾ,
ਅੱਜ ਹਰ ਪਾਸੇ ਮਿੱਟੀ ਦਾ ਰੰਗ ਲਾਲ ਬਣਾਵੋ ਨਾ।

ਅੱਜ ਹਰ ਬੰਦਾ ਭੁੱਲੀ ਬੈਠਾ ਭਾਈ-ਚਾਰੇ ਨੂੰ,
ਬੇਦੋਸ਼ੇ ਪੰਜਾਬੀਆਂ ਨੂੰ ਢਾਲ ਬਣਾਵੋ ਨਾ।

ਜ਼ਿੰਮੇਵਾਰ ਕੋਈ ਤਾਂ ਹੈਗਾ ਦੇਸ਼ ਮੇਰੇ ਵਿਚੋਂ,
ਰਹਿਮ ਕਰੋ ਬੇਈਮਾਨੀ ਦੀ ਚਾਲ ਬਣਾਵੋ ਨਾ।

ਵਿੱਚ ਗਲੀਆਂ ਦੇ ਉੜਦਾ ਰੰਗ ਲਾਲ ਦਿਸੇ ਸਭ ਨੂੰ,
ਸਰਦਾਰਾਂ ਲਈ ਇਹੋ ਜਿਹਾ ਕਾਲ ਬਣਾਵੋ ਨਾ।

ਨੌਜ਼ਵਾਨੀ ਖ਼ਤਰੇ ਵਿੱਚ ਨਸ਼ਾ ਪੈਰ ਪਸਾਰ ਰਿਹਾ,
ਰਹਿਮ ਕਰੋ ਬਸ ਅਣਸੁਲਝਿਆ ਜਾਲ ਬਣਾਵੋ ਨਾ।

# ਤੈਨੂੰ ਗ਼ਜ਼ਲ ਕਹਾ

ਤੈਨੂੰ ਗ਼ਜ਼ਲ ਕਹਾਂ ਜਾ ਗੀਤ ਕਹਾਂ।
ਤੂੰ ਆਪੇ ਦੱਸੀਂ, ਕਿ ਮੀਤ ਕਹਾਂ।

ਅੱਖਾਂ ਦੇ ਵਿਚ ਚਮਕ ਸਰੂਰ ਜਹੀ,
ਤੈਨੂੰ ਮਿੱਠਾ ਮੈਂ ਸੰਗੀਤ ਕਹਾਂ।

ਰੂਹ ਉੱਤੇ ਬਰਸੇਂ ਕਿਣ ਮਿਣ ਬਣਕੇ,
ਮਸਤਾਨੀ ਰੁੱਤ ਦੀ ਮੈਂ ਗੀਤ ਕਹਾਂ।

ਜੁਗਨੂੰ ਬਣਕੇ ਚਮਕੇਂ ਰਾਤਾਂ ਨੂੰ,
ਸੱਜਣ ਚਾਨਣ ਵੰਡਦਾ ਦੀਪ ਕਹਾਂ।

ਗੋਰੀ ਧੌਣ 'ਚ ਪਾ ਕੇ ਰੱਖ ਲਵਾਂ,
ਕਾਲੇ ਧਾਗੇ ਵਿੱਚ ਤਵੀਤ ਕਹਾਂ।

ਸੌ ਸਾਲ ਨਿਭੇ ਜੇ ਇਸ਼ਕ ਮੇਰਾ,
ਖ਼ੁਦ ਨੂੰ ਭਾਗ ਭਰੀ 'ਰਣਜੀਤ' ਕਹਾਂ।

## ਬੇਹਿਸਾਬ ਪਿਆਰ

ਤੂੰ ਗੱਲ ਮੂੰਹੋਂ ਬੋਲ ਗਿਆ,
ਮੇਰੇ ਚਲਦੇ ਸਾਹਾਂ ਨੂੰ ਵੀ ਕੱਢ
ਨਾਲ ਲੈ ਗਿਆ।
ਬੇਹਿਸਾਬ ਪਿਆਰ ਕਰਨ ਦਾ,
ਕਰਜ਼ ਮੇਰਾ ਆਪਣੇ ਤੋਂ ਉਤਾਰਨ ਵਾਲਿਆ
ਸੁਣ ਜ਼ਰਾ!
ਤੂੰ ਐਵੇਂ ਮਿੱਟੀ ਵਿੱਚ ਰੋਲ਼ ਕੇ ਨਾ ਜਾ।

ਦੁੱਖ ਦੇ ਤੂੰ ਚਾਹੇ ਹਜ਼ਾਰ,
ਜਿੰਨ੍ਹਾਂ ਮਰਜੀ ਚਾਹੇ ਕਰ ਲੈ ਖੁਆਰ,
ਬਸ ਇੱਕ ਵਾਰੀ ਬੋਲ ਲੈ ਮੂੰਹੋਂ,
ਦਿਲ ਕਰਦਾ ਅਰਜ਼ਾਂ ਵਾਰ ਵਾਰ
ਕਰਜ਼ ਮੇਰਾ ਆਪਣੇ ਤੋਂ ਉਤਾਰਨ ਵਾਲਿਆ
ਸੁਣ ਜ਼ਰਾ!
ਤੂੰ ਐਵੇਂ ਮਿੱਟੀ ਵਿੱਚ ਰੋਲ਼ ਕੇ ਨਾ ਜਾ।

ਹੱਥ ਜੋੜ ਕੇ ਮਿੰਨਤਾਂ ਮੈਂ ਕਰਦੀ ਹਾਂ,
ਵਾਰ ਵਾਰ ਮੈਂ ਤੈਨੂੰ ਇਹੀ ਸਮਝਾਉਂਦੀ ਹਾਂ
ਤੇਰੇ ਤੋਂ ਬਿਨ੍ਹਾਂ ਗੁਜ਼ਾਰਾ ਨਹੀਂ ਕੋਈ
ਮੂੰਹ ਮੈਥੋਂ ਮੋੜ ਕੇ ਨਾ ਜਾਈ,
ਕਰਜ਼ ਮੇਰਾ ਆਪਣੇ ਤੋਂ ਉਤਾਰਨ ਵਾਲਿਆ
ਸੁਣ ਜ਼ਰਾ!
ਤੂੰ ਐਵੇਂ ਮਿੱਟੀ ਵਿੱਚ ਰੋਲ਼ ਕੇ ਨਾ ਜਾ।

ਆਖਰੀ ਵਾਰ ਛੱਡ ਕੇ,
ਆਖਰੀ ਵਾਰ ਮਿਲਣ ਦਾ ਦਿਨ
ਕਹਿਣ ਵਾਲਿਆ ਸੁਣ ਜ਼ਰਾ!
ਤੂੰ ਐਵੇਂ ਹੀ ਸੋਚਿਆ ਪਤਾ ਨਹੀਂ ਕੀ ਕਰਾਂ

ਹੁਣ ਦਿਲ ਨਹੀਂ ਮੰਨਦਾ ਮੇਰਾ,
ਆ ਕੇ ਗਲ ਨਹੀਂ ਲਗਾਉਂਦਾ ਜਦੋਂ ਤੱਕ
ਮੱਛੀ ਵਾਂਗੂ ਤੜਫੂ ,
ਜਿਵੇਂ ਪਾਣੀ ਨਾ ਮਿਲਿਆ ਪਿਆਰ ਤੇਰਾ।
ਕਰਜ਼ ਮੇਰਾ ਆਪਣੇ ਤੋਂ ਉਤਾਰਨ ਵਾਲਿਆ
ਸੁਣ ਜ਼ਰਾ!
ਤੂੰ ਐਵੇਂ ਮਿੱਟੀ ਵਿੱਚ ਰੋਲ਼ ਕੇ ਨਾ ਜਾ।

# ਜਿੰਦ ਜਾਨ

ਤੇਰੇ ਬਾਝੋਂ ਹਾਸਿਆਂ ਦੀ ਡੋਰ ਟੁੱਟ ਜਾਊਗੀ
ਛੱਡ ਕੇ ਨਾ ਜਾਵੀਂ ਜਿੰਦੇ, ਜਿੰਦ ਮੁੱਕ ਜਾਊਗੀ ।

ਸੂਹੇ ਬੁੱਲਾਂ ਵਿੱਚੋਂ ਕੀਤਾ ਇਜ਼ਹਾਰ ਚੇਤੇ ਹੋਣਾ ਏ
ਕਿਰਨੇ ਨੇ ਹੰਝੂ ਜਦੋਂ, ਦਿਲ ਤੇਰਾ ਵੀ ਤੇ ਰੋਣਾ ਏ।
ਵੱਖ ਹੋਣ ਵੇਲੇ, ਸੱਚੀਂ, ਨਬਜ਼ ਰੁੱਕ ਜਾਊਗੀ
ਛੱਡ ਕੇ ਨਾ ਜਾਵੀਂ ਜਿੰਦੇ, ਜਿੰਦ ਮੁੱਕ ਜਾਊਗੀ ।

ਅੱਖੀਆਂ 'ਚ,ਵੇਖ ਆ ਕੇ ਪੜ੍ਹ ਲੈ ਪਿਆਰਾਂ ਨੂੰ
ਤੇਰੇ ਨਾਲ ਕੀਤੇ ਹੋਏ ਕੌਲ ਕਰਾਰਾਂ ਨੂੰ
ਜੇ ਗਿਆ ਦੂਰ ਕੀਤੇ, ਜ਼ਿੰਦਗੀ ਤੋਂ, ਉਕ ਜਾਊਗੀ
ਛੱਡ ਕੇ ਨਾ ਜਾਵੀਂ ਜਿੰਦੇ, ਜਿੰਦ ਮੁੱਕ ਜਾਊਗੀ।

ਚਾੜ੍ਹ ਆਸਮਾਨੀ ਗੁੱਡੀ ਛੱਡ ਦਿੱਤੀ ਡੋਰ ਵੇ
'ਕੱਲੀ ਰਹਿ ਗਈ, ਸੱਚੀਂ, ਦਰ ਲੱਭਦਾ ਨ ਹੋਰ ਵੇ
ਮਾਹੀ ਕਦਮਾਂ 'ਚ ਤੇਰੇ, ਮੇਰੀ, ਰੂਹ ਝੁੱਕ ਜਾਊਗੀ
ਛੱਡ ਕੇ ਨਾ ਜਾਵੀਂ ਜਿੰਦੇ, ਜਿੰਦ ਮੁੱਕ ਜਾਊਗੀ ।

ਮਰਜਾਂਣੀ 'ਸਵੀ' ਕੋਲੋਂ ਪੁੱਛ ਇਕ ਵਾਰ ਵੇ
ਪਹਿਲੀ ਤੱਕਣੀ 'ਚ, ਦਿਲ, ਦਿੱਤਾ ਤੈਨੂੰ ਹਾਰ ਵੇ
ਮੁਹੱਬਤਾਂ ਦੀ ਤੇਰੇ ਬਾਝੋਂ, ਵੇਲ ਸੁੱਕ ਜਾਊਗੀ
ਛੱਡ ਕੇ ਨਾ ਜਾਵੀਂ ਜਿੰਦੇ, ਜਿੰਦ ਮੁੱਕ ਜਾਊਗੀ।

## ਰੀਝਾਂ

ਚਾਰ ਕੁ ਦਿਨਾਂ ਦੀ ਮਿਲੀ ਜਿੰਦ ਸੋਹਣਿਆ
ਤੇਰੇ ਬਾਝੋਂ ਜੀਅ ਨੀ ਹੁੰਦਾ ਬਿੰਦ ਸੋਹਣਿਆ
ਐਵੇਂ ਕਾਹਤੋਂ ਪਾਈ ਬੈਠਾ ਤੂੰ ਦੂਰੀਆਂ
ਆਜਾ ਕਰੀਏ ਦਿਲਾਂ ਦੀਆਂ ਰੀਝਾਂ ਪੂਰੀਆਂ

ਮੈਂ ਤਾਂ ਤੇਰੀ ਹਰ ਇੱਕ ਗੱਲ ਮੰਨਦੀ
ਮੇਰਾ ਤੂੰ ਮਸੀਹਾ ਤੈਨੂੰ ਹੱਥ ਬੰਨਦੀ
ਯਾਦ ਕਰ ਹੱਥੀਂ ਜੋ ਖਵਾਈਆਂ ਚੂਰੀਆਂ
ਆਜਾ ਕਰੀਏ————ਪੂਰੀਆਂ

ਡਿਗਦੇ ਨੇ ਹੰਝੂ ਤੂੰ ਰੋਕ ਸੋਹਣਿਆ
ਦੇਖਦੇ ਤਮਾਸ਼ਾ ਸਾਡਾ ਲੋਕ ਸੋਹਣਿਆ
ਬਿਨਾਂ ਗੱਲੋਂ ਵੱਟ ਦੈਂ ਤੂੰ ਕਿਉਂ ਘੂਰੀਆਂ
ਆਜਾ ਕਰੀਏ ——— ਪੂਰੀਆਂ

ਦੂਰ ਨਾ ਤੂੰ ਅੱਖੀਆਂ ਤੋਂ ਹੋਇਆ ਕਰ ਵੇ
ਤੇਰੇ ਬਾਝੋਂ ਜਿਉਂਦੇ ਜੀ ਮੈਂ ਜਾਂਦੀ ਮਰ ਵੇ
ਸਮਝੇ ਕਿਉਂ ਨਾ ਤੂੰ ਮੇਰੀਆਂ ਮਜਬੂਰੀਆਂ
ਆਜਾ ਕਰੀਏ————ਪੂਰੀਆਂ

ਮੌਤ ਨਾਲੋਂ ਭੈੜੀ ਏ ਜੁਦਾਈ ਵੈਰੀਆ
ਮੇਰੇ ਲਈ ਮੇਰੀ ਤੂੰ ਖੁਦਾਈ ਵੈਰੀਆ
ਹਰ ਪਲ ਕਰੂੰ ਤੇਰੀਆਂ ਜੀ ਹਜ਼ੂਰੀਆਂ
ਆਜਾ ਕਰੀਏ ——— ਪੂਰੀਆਂ

ਮੰਨ ਕੇ 'ਸਵੀ' ਦੀ ਹੁਣ ਆਜਾ ਹਾਣੀਆ
ਮੈਂ ਹਾਂ ਤੇਰੀ ਰਾਣੀ ਤੂੰ ਏ ਰਾਜਾ ਹਾਣੀਆ
ਰਹਿ ਨਾ ਜਾਣ ਕਿਤੇ ਸਧਰਾਂ ਅਧੂਰੀਆਂ
ਆਜਾ ਕਰੀਏ ———ਪੂਰੀਆਂ

# ਇੰਤਜ਼ਾਰ

ਮਾਫ਼ ਕਰੀ ਐ! ਦੋਸਤਾ
ਦਿਲ ਉੱਤੇ ਦਸਤਕ ਦਿੰਦੀ ਹਾਂ
ਤੂੰ ਮੇਰਾ ਤੇ ਸਿਰਫ਼ ਮੇਰਾ ਹੀ ਰਹੇਗਾ
ਮਿਲਦੇ ਹਾਂ ਜਦ ਵੀ ਇਕ ਦਰਦ ਨਾਲ
ਇਕ ਤੇਰੀ ਮੇਰੀ ਜਰੂਰਤ ਦੇ ਨਾਲ
ਦੋ ਹੱਥਾਂ ਦੀਆਂ ਲਕੀਰਾਂ 'ਚ
ਰਹਿੰਦੀ ਹਾਂ ਲੱਭਦੀ ਤੈਨੂੰ
ਪਰ ਨਜ਼ਰ ਨਾ ਆਵੇ ਕਿਤੇ ਵੀ ਤੂੰ
ਕੁੱਝ ਪਲ ਗੁਜ਼ਾਰੇ ਨਾਲ ਤੇਰੇ
ਕੁੱਝ ਗੁਜ਼ਾਰੇ ਤੇਰੇ ਤੋਂ ਬਿਨਾਂ
ਲੱਗੇ ਸਜ਼ਾ ਤੇਰੇ ਜਾਣ ਤੋਂ ਬਾਅਦ
ਜਿਵੇਂ ਛੱਡ ਕੇ ਜਾ ਰਿਹਾ ਤੂੰ ਅਧੂਰਾ
ਮੈਨੂੰ ਸਿਰਫ਼ ਤੇ ਸਿਰਫ਼
ਤੇਰੇ ਨਾਲ ਹੈ ਪਿਆਰ
ਅੱਜ ਵੀ ਮੈਂ ਕਰਦੀ ਹਾਂ
ਤੇਰਾ ਇੰਤਜ਼ਾਰ!
ਇੰਤਜ਼ਾਰ! ਇੰਤਜ਼ਾਰ!

# ਸਫ਼ਰ

ਮੈਂ ਸਫ਼ਰ ਕੀਤਾ ਜ਼ਿੰਦਗੀ 'ਚ
ਕਈ ਵਾਰ ਸੱਜਣਾ
ਪਰ ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ
ਮੈਂ 'ਕੱਲਾ ਸੀ ਪਰ 'ਕੱਲਾ ਨਹੀਂ
ਤੂੰ ਸਫ਼ਰ ਕੀਤਾ ਵਿੱਚ ਯਾਦਾਂ
ਹਰ ਥਾਂ ਮੇਰੇ ਨਾਲ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ ।

ਕੁੱਝ ਰੁੱਖ,
ਪਹਾੜੀਆਂ, ਮੰਦਰ ਦੇਖੇ
ਜਾਦੂਗਰ ਤੇ ਕਲੰਦਰ ਦੇਖੇ।
ਉਸ ਹਰ ਥਾਂ ਕੀਤਾ
ਤੈਨੂੰ ਯਾਦ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ।

ਕਿਤੇ ਸਜਦੇ ਬਣਾਇਆ
ਖ਼ੁਦਾ ਨੂੰ ਗਵਾਹ ਵੀ
ਉੱਥੋਂ ਨਿਕਲੇ ਦਿਲਾਂ ਨੂੰ
ਦਿਲਾਂ ਦੇ ਰਾਹ ਵੀ
ਤੂੰ ਮੱਥਾ ਟੇਕਿਆ ਹਰ ਥਾਂ
ਮੇਰੇ ਨਾਲ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ ।

ਤੂੰ ਹੁੰਦੀ ਤਾਂ ਇੰਝ ਕਰਦੀ
ਜੇ ਤੂੰ ਹੁੰਦੀ ਤਾਂ ਉਂਝ ਕਰਦੀ
ਮੈਂ ਸੋਚਦਾ ਰਿਹਾ
ਸਾਰੀ ਰਾਤ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ ।

ਗੱਡੀ ਚੱਲਦੀ ਰਹੀ
ਮੰਜ਼ਰ ਆਉਂਦੇ ਰਹੇ
ਮੁਸਾਫ਼ਿਰ ਉਤਰ ਦੇ
ਤੇ ਜਾਂਦੇ ਰਹੇ
ਮੈਂ ਹਰ ਵਿਚੋਂ ਤੈਨੂੰ
ਰਿਹਾ ਸੀ ਭਾਲ਼ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ ।

ਤੈਥੋਂ ਦੂਰ ਗਿਆ
ਤਾਂ ਪਤਾ ਲੱਗਿਆ
ਕੀ ਹੁੰਦਾ ਹੈ
ਦਿਲਾਂ ਦਾ ਗੂੜ੍ਹਾ ਪਿਆਰ
ਤੂੰ ਹੁੰਦੀ ਤਾਂ .....
ਲੱਭਣਾ ਸੀ ਰਾਹ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ ।

ਜਿੱਥੇ ਮੈਂ ਰੁਕਿਆ
ਉਹ ਇਕ ਮੰਜ਼ਰ ਸੀ
ਇਕ ਖਾਲੀ ਪੁਰਾਣਾ ਜਿਹਾ
ਜਿਵੇਂ ਖੰਡਰ ਸੀ।
'ਸਵੀ'
ਯਾਦਾਂ ਤੇਰੀਆਂ ਨੇ ਦਿੱਤਾ
ਮਹਿਲ ਬਣਾ ਸੱਜਣਾ
ਜੋ ਅੱਜ ਹੋਇਆ
ਉਹ ਹੋਇਆ
ਪਹਿਲੀ ਵਾਰ ਸੱਜਣਾ ।

# ਮੌਤ ਦਾ ਸੱਦਾ

ਚਲਦੇ ਚਲਦੇ ਰਾਹ ਤੇ ਸਾਹ ਇੱਕ ਦਿਨ ਮੁੱਕ ਜਾਣੇ ਨੇ,
ਕੁੱਝ ਵੀ ਨਹੀਂ ਲੱਭਣਾ ਬੰਦਿਆਂ, ਦਿਨ ਮੁੱਕ ਜਾਣੇ ਨੇ।
ਗਿਣੀ ਚੁਣੀ ਜ਼ਿੰਦਗੀ ਮਿਲੀ ਏ
ਖ਼ੁਸ਼ੀਆਂ ਨਾਲ ਕੱਟ ਲਵੋ,
ਫਿਰ ਮੌਤ ਨੇ ਕਦੋਂ ਬੂਹਾ ਖੜਕਾ ਦੇਣਾ ਏ,
ਦਿਨ ਮੁੱਕ ਜਾਣੇ ਨੇ।

ਕੋਈ ਨਹੀਂ ਇਸ ਦੁਨੀਆਂ ਵਿੱਚ ਤੇਰਾ,
ਸਭ ਨੂੰ ਆਪਣਾ ਆਪਣਾ ਹੈ ਬੰਦੇ, ਦਿਨ ਮੁੱਕ ਜਾਣੇ ਨੇ।
ਵੰਡ ਸਕਦੇ ਹੋ ਤਾਂ ਖ਼ੁਸ਼ੀਆਂ ਵੰਡੋ,
ਫਿਰ ਮੌਤ ਨੇ ਕਦੋਂ ਬੂਹਾ ਖੜਕਾ ਦੇਣਾ ਏ,
ਦਿਨ ਮੁੱਕ ਜਾਣੇ ਨੇ।

ਇਸ ਦੁਨੀਆਂ ਦੀਆਂ ਖ਼ੁਆਇਸ਼ਾਂ ਬਹੁਤ ਨੇ ਪਿਆਰੇ,
ਮਰਨ ਤੋਂ ਬਾਅਦ ਵੀ ਜੋ ਪੂਰੀਆਂ ਨਹੀ ਹੋ ਸਕਦੀਆਂ
ਬਣ ਸਕਦੇ ਹੋ ਤਾਂ ਸਹਾਰਾ ਬਣੋ,
ਫਿਰ ਮੌਤ ਨੇ ਕਦੋਂ 'ਸਵੀ' ਬੂਹਾ ਖੜਕਾ ਦੇਣਾ ਏ
ਦਿਨ ਮੁੱਕ ਜਾਣੇ ਨੇ।

ਚਲਦੇ ਚਲਦੇ ਰਾਹ ਤੇ ਸਾਹ ਇੱਕ ਦਿਨ ਮੁੱਕ ਜਾਣੇ ਨੇ,
ਦਿਨ ਇੱਕ ਦਿਨ ਮੁੱਕ ਜਾਣੇ ਨੇ!!

# ਇਸ ਬਹਾਰ ਦਾ

ਕਈ ਦਿਨਾਂ ਤੋਂ ਮੈਨੂੰ ਇੰਤਜ਼ਾਰ ਸੀ
ਇਸ ਬਹਾਰ ਦਾ
ਉਹ ਅੱਜ ਮੇਰੇ
ਵਿਹੜੇ ਬਿਨਾਂ ਪੁੱਛੇ
ਪੈਰ ਪਾ ਗਈ
ਇੱਕ  ਅਜੀਬ ਜਿਹੀ
ਖੁਸ਼ੀ ਮੈਨੂੰ ਦੇ ਗਈ
ਮੇਰੇ ਬਾਗ 'ਚ ਵੀ
ਪੱਤਾ ਪੱਤਾ ਕਲੀ ਕਲੀ
ਖਿੜ ਗਈ
ਸਭ ਨੇ ਇਸ ਬਹਾਰ ਦਾ ਸਵਾਗਤ ਕੀਤਾ
ਤੇ ਮੈਂ ਵੀ ਸਿਰ ਝੁਕਾ ਕੇ
ਸਲਾਮ ਕਰਦੀ ਹਾਂ
ਇਸ ਖੁਸ਼ੀ ਦਾ
ਜੋ ਕੁੱਝ ਨਾ ਮਿਲਾ ਕੇ ਵੀ
ਸਭ ਕੁੱਝ ਦੇ ਗਈ।
ਇਕ ਅਜੀਬ ਜਹੇ
ਅਨੰਦ ਦਾ ਅਹਿਸਾਸ
ਇਸ ਬਹਾਰ ਦਾ
ਇੰਤਜ਼ਾਰ।

# ਦੋਰਾਹਾ

ਜ਼ਿੰਦਗੀ ਦੇ ਦੋਰਾਹੇ ’ਤੇ ਖੜੀ ਹਾਂ ਮੈਂ,
ਤੇ ਜਾਣਦੀ ਹੋਈ ਵੀ ਅਣਜਾਣ ਹਾਂ ਮੈਂ
ਤੇਰਿਆਂ ਖਿਆਲਾਂ ’ਚ ਖੋਈ ਹੀਰ ਰਕਾਨ ਹਾਂ ਮੈਂ
ਤੂੰ ਚਾਹੇ ਸਮਝੀ ਝੂਠੀ ਪਰ ਮਜ਼ਬੂਰ ਹਾਂ ਮੈਂ ਬੜੀ।

ਸੁਪਨਿਆਂ ਦੀ ਦੁਨੀਆ ‘ਚ ਰਹਿਣਾ ਆਉਂਦਾ
ਪਰ ਹਕੀਕਤਾਂ ਦੇ ਲੱਖਾਂ ਸ਼ੀਸ਼ਿਆਂ ਤੋਂ ਝਿਜਕਦੀ
ਤੂੰ ਮਿਲੇ ਤਾਂ ਰੱਬ ਜਿਹਾ ਮਾਨ ਤੇਰੇ ਤੇ ਕਰਾਂ
ਪਰ ਤੈਨੂੰ ਹੁਣ ਕਹਿਣ ਤੋਂ ਵੀ ਹਾਂ ਕਿਉਂ ਮੈਂ ਡਰੀ।

ਜਾਣ ਗਈ ਹਾਂ ਕੀ ਹਕੀਕਤ ਤੇ ਕੀ ਝੂਠ
ਫਿਰ ਵੀ ਵਹਿਮ ਖੌਰੇ ਸੱਚਾ ਕਿਉਂ ਜਾਪਦੈ
ਹਰ ਵਾਰੀ ਤੇਰੇ ਰੁੱਸਣ ਤੇ ਮੈਂ ਸਿਰ ਝੁਕਾਇਆ
ਕਿਉਕਿ ਤੇਰੀ ਸੂਰਤ ਦਿਲ ਵਿੱਚ ਮੈਂ ਜੜ੍ਹੀ।

ਤੈਨੂੰ ਪਾ ਕੇ ਵੀ ਪੂਰੀ ਨਹੀਂ ਹਾਂ ਯਾਰ
ਤੂੰ ਇਕ ਵਾਰ ਆ ਕੇ ਤਾਂ ਦੇਖ
ਮੈਂ ਹੁਣ ਵੀ ਕਰਦੀ ਹਾਂ ਤੇਰਾ ਇੰਤਜ਼ਾਰ
ਬੇਕਰਾਰ ਨਜ਼ਰ ਤੇਰੇ ਦਰ ਤੇ ਮੈਂ ਖੜ੍ਹੀ।

ਤੈਨੂੰ ਮਿਲਣ ਦਾ ਖਿਆਲ਼ ਤੇਰੇ ਬਿਨਾਂ ਹੈ ਅਧੂਰਾ,
ਤੇ ਸੋਚਦੀ ਹਾਂ
ਜ਼ਿੰਦਗੀ ਦੇ ‘ਦੋਰਾਹੇ’ ਤੇ ਕਦੋਂ ਤੱਕ ਖੜ੍ਹੇਗੀ ‘ਸਵੀ’
ਤੇ ਕਦੋਂ ਹੋਊ ਦੀਦ ਉਸ ਰੱਬ ਵਰਗੇ ਸੋਹਣੇ ਯਾਰ ਦੀ
ਜਿਸ ਖ਼ਾਤਰ ਹਰ ਮੁਸੀਬਤ ਨਾਲ ਹਾਂ ਮੈਂ ਲੜੀ।

# ਇਤਬਾਰ ਕਰਾਂ ਕਿ ਨਾ ਕਰਾਂ

ਸੋਚਦੀ ਹਾਂ ਤੈਨੂੰ ਪਿਆਰ
ਕਰਾਂ ਕਿ ਨਾ ਕਰਾਂ,
ਭੁੱਲ ਕਰਦੀ ਹਾਂ ਤੈਨੂੰ ਆਪਣਾ ਕਹਿਣ ਦੀ।
ਸੋਚਦੀ ਹਾਂ ਫਿਰ
ਇਜ਼ਹਾਰ ਕਰਾਂ ਕਿ ਨਾ ਕਰਾਂ
ਦਿਲ ਕਹਿੰਦਾ ਤੂੰ ਮੇਰਾ ਹੈ
ਤੇ ਮੇਰਾ ਹੈ ਵੀ ਨਹੀਂ
ਹੁਣ ਦਿਲ ਤੇ
ਇਤਬਾਰ ਕਰਾਂ ਕਿ ਨਾ ਕਰਾਂ।
ਉਂਝ ਤਾਂ
ਮੇਰੇ ਦਿਲ ਦੀਆਂ ਤੈਹਾਂ
ਤੱਕ ਫੋਲ ਦਿੰਦਾ ਹੈ ਤੂੰ,
ਸੋਚਦੀ ਹਾਂ ਇਹ ਦਰਦਾਂ
ਤੇ ਬਿਰਹੋ ਦਾ ਵਪਾਰ
ਕਰਾਂ ਕਿ ਨਾ ਕਰਾਂ ।
ਪਹਿਲਾ ਵੇਖਿਆ ਹੈ ਬਹੁਤ
ਦਰਦ, ਤੜਫ ਤੇ ਮਜ਼ਬੂਰੀ
ਇਸ ਵਿਚੋਂ, ਸੋਚਦੀ ਹਾਂ
ਫਿਰ ਇਕ ਵਾਰ
ਕਰਾਂ ਕਿ ਨਾ ਕਰਾਂ।
ਕਦੇ ਦਿਲ ਕਰਦਾ
ਇਸ ਤੜਫ਼ ਨੂੰ
ਅਲਵਿਦਾ ਕਹਿ ਹੀ ਦੇਵਾਂ
ਫਿਰ ਸੋਚਦੀ ਹਾਂ
ਇਨਕਾਰ ਕਰਾਂ ਕਿ ਨਾ ਕਰਾਂ।
ਹੈ ਤਾਂ ਦਰਦ, ਤੜਫ, ਜੁਦਾਈ
ਤੇ ਹੰਝੂਆਂ ਦੀ

ਇਕ ਤਿੱਖੀ ਤਲਵਾਰ ਵੀ
ਪਰ ਸੋਚਦੀ ਹਾਂ ਇਜ਼ਹਾਰ
ਇਕ ਵਾਰ ਫਿਰ
ਕਰਾਂ ਕਿ ਨਾ ਕਰਾਂ।
ਹੁਣ ਸੋਚਦੀ ਹੈ
'ਸਵੀ'
ਤੈਨੂੰ ਪਿਆਰ ਕਰਾਂ
ਕਿ ਨਾ ਕਰਾਂ ।

# ਸੋਹਣਾ ਯਾਰ

ਯਾਰ ਸੋਹਣਾ ਤੇ ਸੁਨੱਖਾ ਲੱਖਾਂ ਜੱਗ ਦੀਆਂ ਅੱਖਾਂ
ਸੌ ਮੱਕਿਆਂ ਦਾ ਮੱਕਾ ਮੇਰੇ ਪਿਆਰੇ ਚੰਨਾ ਵੇ,
ਮੈਂ ਤੈਨੂੰ ਹੀ ਤਾਂ ਮੰਨਾ ਵੇ ਮੇਰੇ ਸੋਹਣੇ ਚੰਨਾ ਵੇ।

ਥਾਂ ਥਾਂ ਇੱਥੇ, ਦਰਗਾਹਾਂ 'ਤੇ, ਜਾਂਦੇ ਨੇ ਲੋਕੀਂ,
ਉਏ ਨੱਕ ਰਗੜ ਕੇ, ਝੂਠੀਆਂ ਕਸਮਾਂ, ਖਾਂਦੇ ਨੇ ਲੋਕੀ,
ਪਿਆਰ ਰੂਹਾਂ ਦਾ ਮੇਲ ਵੇ ਸੱਜਣਾਂ ,ਜਿਉਂ ਚੂਰੀ ਲਈ ਛੰਨਾ ਵੇ।
ਮੈਂ ਤੈਨੂੰ ਮੰਨਾ ਵੇ, ਮੇਰੇ ਸੋਹਣੇ ਚੰਨਾ ਵੇ ਮੈਂ ਤੈਨੂੰ ਮੰਨਾ ਵੇ ।

ਰੱਬ ਦੀ ਸੂਰਤ, ਮੂਰਤਾਂ ਵਿੱਚੋਂ ਲੋਕੀ ਲੱਭਦੇ ਨੇ,
ਗੰਗਾ ਦੇ ਪੰਡਿਤ ਮਨ ਖਾਰਾ ਮਿੱਠੇ ਬਣ ਠੱਗਦੇ ਨੇ,
ਤੂੰ ਮਾਲਕ ਮੇਰੀ ਜ਼ਿੰਦੜੀ ਦਾ ਇਹ ਗੱਲ ਪੱਲੇ ਬੰਨਾ ਵੇ।
ਮੈਂ ਤੈਨੂੰ ਮੰਨਾ ਵੇ ਮੇਰੇ ਸੋਹਣੇ ਚੰਨਾ ਵੇ ਮੈਂ ਤੈਨੂੰ ਮੰਨਾ ਵੇ।

ਦੇਖ ਪਿਆਰ ਵਿਚ ਹੋਈ ਕਮਲੀ ਯਾਰ ਮਨਾਵਾਂ ਮੈਂ,
ਕੀਤੀ ਜੱਗ ਦੀ ਪਰਵਾਹ ਬਿਨ ਤੇਰੇ ਕੋਲ ਆਵਾਂ ਮੈਂ,
ਤੇਰੇ ਬਿਨ ਖਾਲੀ ਹੈ ਮੇਰੀ ਹਰ ਕਿਤਾਬ ਦਾ ਪੰਨਾ ਵੇ,
ਮੈ ਤੈਨੂੰ ਮੰਨਾ ਵੇ ਮੇਰੇ ਸੋਹਣੇ ਚੰਨਾ ਵੇ ਮੈਂ ਤੈਨੂੰ ਮੰਨਾ ਵੇ।

ਇਸ਼ਕ ਦੀ ਚਰਖੀ ਤੰਦ ਪਿਆਰ ਦਾ ਤੱਕਲੇ ਪਾਇਆ ਵੇ,
'ਰਣਜੀਤ ਸਵੀ' ਨੇ ਤੈਨੂੰ ਰੱਬ ਤੋ ਵੱਧ ਚਾਹਿਆ ਵੇ,
ਸਿਆਣਿਆਂ ਦੀ ਗੱਲ ਸੱਚੀ ਇਸ਼ਕ ਤਾਂ ਹੁੰਦਾ ਅੰਨਾ ਵੇ।
ਮੈਂ ਤੈਨੂੰ ਮੰਨਾ ਵੇ ਮੇਰੇ ਸੋਹਣੇ ਚੰਨਾ ਵੇ ਮੈਂ ਤੈਨੂੰ ਮੰਨਾ ਵੇ।

# ਦਿਲਾਂ ਦੀਆਂ ਗੱਲਾਂ

ਆਜਾ ਕਰੀਏ, ਪਿਆਰ ਦੀਆਂ ਗੱਲਾਂ,
ਮੇਰੇ ਸੀਨੇ ਵਿਚ, ਉੱਠਣ ਸੋਹਣਿਆਂ, ਛੱਲਾ,
ਤੂਹੀਉਂ ਦੱਸ ਦਿਲ ਤੇਰੇ 'ਚ, ਜਗ੍ਹਾ ਕਿੰਝ ਮੈਂ ਮੱਲਾਂ,
ਆਜਾ ਕਰੀਏ, ਦਿਲਾਂ ਦੀਆਂ ਗੱਲਾਂ।

ਤੇਰੇ ਬਾਝੋਂ ਹੋ ਗਈ ਮੈਂ ਤਾਂ ਝੱਲੀ ਸੱਜਣਾ,
ਦੁਨੀਆਂ ਦੇ ਵਿਚ ਰਹਿ ਜਾਊ ਮੈਂ ਤਾਂ ਕੱਲੀ ਸੱਜਣਾ,
ਤੂਹੀਉਂ ਦੱਸ ਵਿਛੋੜਾ ਕਿੰਝ ਮੈਂ ਝੱਲਾਂ,
ਆਜਾ ਕਰੀਏ ਦਿਲਾਂ ਦੀਆਂ ਗੱਲਾਂ।

ਦਿਲੋਂ ਜਾਨ ਨਾਲ ਨਿਭਾਉਂਦੀਂ ਵਫ਼ਾਵਾਂ ਮੈਂ,
ਰੱਬ ਕੋਲੋਂ ਮੰਗਦੀ ਨਿੱਤ ਦੁਆਵਾਂ ਮੈਂ,
ਸੋਹਣਿਆਂ ਸੱਜਣਾਂ ਖੁਸ਼ੀ ਦੇ ਦੁਆਰ ਮੈਂ ਮੱਲਾਂ,
ਆਜਾ ਕਰੀਏ ਦਿਲਾਂ ਦੀਆਂ ਗੱਲਾਂ।

ਅੱਖੀਆਂ ਤੋਂ ਦੂਰ ਨਾ ਤੂੰ ਜਾਇਆ ਕਰ,
ਸੋਹਲ ਜਹੀ ਜਿੰਦ ਨੂੰ ਨਾ ਤੜਫਾਇਆ ਕਰ,
ਕਾਂਵਾਂ ਹੱਥ ਸੁਨੇਹੇ ਤੈਨੂੰ ਮੈਂ ਘੱਲਾਂ,
ਆਜਾ ਕਰੀਏ ਦਿਲਾਂ ਦੀਆਂ ਗੱਲਾਂ ।

ਤੇਰੇ ਨਾਲ ਸੀ ਸੋਹਣਿਆਂ ਮੌਜ ਬਹਾਰਾਂ,
ਨਾਲ ਤੇਰੇ ਹੀ ਖਿੜੀਆਂ ਸਭ ਗੁਲਜ਼ਾਰਾਂ,
ਜੁਦਾਈ ਤੇਰੀ ਨੇ ਪਾ ਦਿੱਤੀਆਂ ਤਰੱਥਲਾਂ,
ਆਜਾ ਕਰੀਏ ਦਿਲਾਂ ਦੀਆਂ ਗੱਲਾਂ ।

ਤੂੰ ਹੀ ਰੱਬ 'ਸਵੀ' ਦਾ ਚੰਨਾ,
ਸੌ ਮੱਕਿਆਂ ਦਾ ਮੱਕਾ ਤੈਨੂੰ ਮੰਨਾ,
ਹੱਥਾਂ ਵਿਚ ਹੱਥ ਪਾ ਕੇ ਚੱਲਾਂ,
ਆਜਾ ਕਰੀਏ ਦਿਲਾਂ ਦੀਆਂ ਗੱਲਾਂ ।

# ਸ਼ਹਿਰ ਦਾ ਖਿਡੌਣਾ

ਕੁੜੀ

ਕੁੜੀ ਪੇਂਡੂ ਮੈਂ ਤੂੰ ਸ਼ਹਿਰ ਦਾ ਖਿਡੌਣਾ,
ਵੇ ਤੇਰੀ ਮੇਰੀ ਨਹੀਓ ਨਿਭਣੀ ਸੋਹਣਿਆ।
ਚੰਨਾ ਹੱਟ ਜਾ ਤੂੰ ਪਿੱਛੇ ਮੇਰੇ ਆਉਣਾ,
ਵੇ ਤੇਰੇ ਮੇਰੀ ਨਹੀਓ ਨਿਭਣੀ ਸੋਹਣਿਆ।

ਮੁੰਡਾ

ਨੀ ਮੈਂ ਜੀਉਂਦੇ ਜੀਅ ਸੁਰਗ ਨੂੰ ਜਾਵਾਂ,
ਜੇ ਤੇਰੀ ਮੇਰੀ ਗੱਲ ਬਣ ਜੇ ਸੋਹਣੀਏ,
ਜਿੰਦ ਆਪਣੀ ਮੈਂ ਤੇਰੇ ਨਾ ਲਿਖਾਵਾਂ,
ਜੇ ਤੇਰੀ ਮੇਰੀ ਗੱਲ ਬਣ ਜੇ ਸੋਹਣੀਏ।

ਕੁੜੀ

ਦੁੱਧ ਮੱਖਣਾਂ ਦੇ ਨਾਲ ਪਲ਼ੀ ਮੈਂ ਰਕਾਨ ਵੇ,
ਮਾਪਿਆਂ ਦੀ ਲਾਡਲੀ ਮੈਂ ਪਿੰਡ ਦੀ ਹਾਂ ਸ਼ਾਨ ਵੇ,
ਸ਼ਹਿਰ ਆ ਕੇ ਮੈਂ ਪਿੰਡ ਨਹੀਂ ਭੁਲਾਣਾ,
ਵੇ ਤੇਰੀ ਮੇਰੀ ਨਹੀਓ ਨਿਭਣੀ ਸੋਹਣਿਆ ।

ਮੁੰਡਾ

ਜੇ ਤੂੰ ਆਖੇ ਬੱਲੀਏ ਮੈਂ ਛੱਡ ਦੇਵਾਂ ਸ਼ਹਿਰ ਨੀ,
ਜੀਅ ਨਹੀਂ ਹੁੰਦਾ ਹੁਣ ਤੇਰੇ ਤੋਂ ਬਗੈਰ ਨੀ,
ਤੇਰਾ ਹਰ ਬੋਲ ਚੰਨੀਏ ਪੁਗਾਵਾਂ,
ਜੇ ਤੇਰੀ ਮੇਰੀ ਗੱਲ ਬਣ ਜੇ ਸੋਹਣੀਏ।

ਕੁੜੀ

ਜਾਨ ਤੇਰੀ ਬਣ ਜਾਵਾਂ ਇਨ੍ਹਾਂ ਵੀ ਏ ਸੌਖਾ ਨੀ,
ਦਿਲ ਤੇਰਾ ਬਣ ਜਾਵੇ ਦੇਣਾ ਤੈਨੂੰ ਮੌਕਾ ਨੀ,
ਹੁਣ ਛੱਡ ਦੇ ਤੂੰ ਚੰਨਾ ਭਰਮਾਉਣਾ,
ਵੇ ਤੇਰੀ ਮੇਰੀ ਨਹੀਓ ਨਿਭਣੀ ਸੋਹਣਿਆ।

ਮੁੰਡਾ

ਤੇਰੇ ਸਾਹਾਂ ਨਾਲ ਸਾਡੇ ਚੱਲ ਦੇ ਨੇ ਸਾਹ ਨੀ,
ਸਾਡੇ ਨਾਲ ਸਾਂਝ ਤੂੰ ਪਿਆਰਾਂ ਵਾਲੀ ਪਾ ਨੀ,
ਤੈਨੂੰ ਚੁੰਨੀ ਚੜ੍ਹਾ ਕੇ ਲੈ ਜਾਵਾਂ,
ਜੇ ਤੇਰੀ ਮੇਰੀ ਗੱਲ ਬਣ ਜੇ ਸੋਹਣੀਏ।

ਕੁੜੀ

ਮੈਂ ਹਾਂ ਸੋਹਣੀ ਜੱਟੀ ਤੂੰ ਮੁੰਡਾ ਥਾਣੇਦਾਰ ਦਾ,
ਪਿਉ ਮੇਰਾ ਡੀ.ਸੀ. ਤੂੰ ਕੰਮ ਦਾ ਨਾ ਕਾਰ ਦਾ,
ਹੱਥ 'ਸਵੀ ਰਣਜੀਤ' ਨੇ ਨਹੀਂ ਆਉਣਾ,
ਵੇ ਤੇਰੀ ਮੇਰੀ ਨਹੀਓ ਨਿਭਣੀ ਸੋਹਣਿਆ।

:- **ਰਿਕਾਰਡ ਹੋਇਆ ਗੀਤ**

# ਦੋ ਪਰੀਆਂ

ਨੀਲੇ ਅਸਮਾਨ ਤੇ
ਬੱਦਲ਼ ਕਈ ਘੁੰਮੀ ਜਾਂਦੇ ਨੇ
ਕਈ ਰੁੱਕਦੇ ਨੇ
ਕਈ ਰੁੱਕ ਕੇ ਚਲੇ ਜਾਂਦੇ ਨੇ
ਇਸ ਤਰ੍ਹਾਂ ਕਾਫ਼ੀ ਦੇਰ ਹੁੰਦਾ ਰਿਹਾ।
ਫਿਰ ਅਸਮਾਨ ਤੋਂ
ਚਿੱਟੀ ਚਾਦਰ 'ਚ ਲਿਪਟੀ
ਪਰੀ ਮੇਰੇ ਕੋਲ ਆਉਂਦੀ ਹੈ
ਤੇ ਬੋਲਦੀ ਹੈ ਕਿ ਤੂੰ ਮੇਰੇ ਵੱਲ
ਕੀ ਦੇਖ ਰਹੀ ਹੈ ?
ਕੀ ਲੱਭ ਰਹੀ ਹੈ ? ਕਿ ਤੇਰਾ ਕੁੱਝ ਖੋ ਗਿਆ ਹੈ ?
ਮੈਂ ਕਿਹਾ ਕੀ ?
ਨਹੀਂ ਨਹੀਂ
ਮੇਰਾ ਕੁੱਝ ਨਹੀਂ ਖੋਇਆ
ਮੈਂ ਤਾਂ ਇਸ ਨਜ਼ਾਰੇ ਨੂੰ
ਖ਼ੁਸ਼ੀ ਨਾਲ ਮਾਣ ਰਹੀ ਹਾਂ
ਅਸਮਾਨ ਤੇ ਬੱਦਲ਼ਾਂ ਦਾ ਘੁਲ਼ਣਾ ਮਿਲ਼ਣਾ,
ਪੰਛੀਆਂ ਦੀ ਉਡਾਰੀ,
ਨੀਲੇ ਰੰਗ ਤੋਂ ਬਿਨਾਂ ਸਾਰੇ ਰੰਗਾਂ ਨੂੰ
ਆਪਣੀ ਗੋਦੀ ਵਿਚ ਇਕੱਠੇ
ਕਰਦੇ ਹੋਏ ਦੇਖ ਰਹੀ ਹਾਂ ।
ਨਾਲ ਹੀ ਬੱਦਲ਼ਾਂ ਨੂੰ ਚੀਰਦੀਆਂ
ਹੋਈਆਂ ਬੂੰਦਾਂ, ਜਿਵੇਂ ਉਹਨਾਂ ਦੇ ਹੱਥ ਵਿਚ
ਇਕ ਬੁਰਸ਼ ਦਿੱਤਾ ਹੋਵੇ
ਜੋ ਸਾਰੇ ਸ਼ਹਿਰ ਨੂੰ ਸਾਫ਼, ਪੱਤੀਆਂ ਨੂੰ ਸਾਫ਼
ਕਰਨ ਦਾ ਕੰਮ ਕਰ ਰਹੀਆਂ ਹੋਣ।

ਬਸ ਇਹ ਸਭ ਦੇਖ ਕੇ ਖ਼ੁਸ਼ੀ ਹੋ ਰਹੀ ਸੀ,
ਤੇ ਮੈਂ ਤੇਰੀ ਅਵਾਜ਼ ਨੂੰ
ਮਹਿਸੂਸ ਕੀਤਾ।
ਮੈਨੂੰ ਇਕ ਗੱਲ ਦੱਸ ਪਰੀ
ਤੂੰ ਸਾਰੇ ਅਸਮਾਨ ਤੇ ਇਕੱਲੀ ਹੀ ਰਹਿੰਦੀ ਹੈ।
ਮੈਂ ਸੁਣਿਆ ਇਸ
ਮੌਸਮ 'ਚ ਤਾਂ ਆਸ਼ਿਕ
ਮਿਲਣ ਨੂੰ ਤਰਸਦੇ ਨੇ,
ਤੂੰ ਕਿਸ ਨੂੰ ਮਿਲਣ ਆਈ ਹੈ ?
ਮੇਰੇ ਸਵਾਲਾਂ ਨੂੰ ਸੁਣ ਕੇ ਹੱਸੀ ਤੇ ਕਹਿੰਦੀ
ਮੈਂ ਇਕੱਲੀ ਕਿੱਥੇ
ਸਾਰਾ ਅਸਮਾਨ ਮੇਰਾ,
ਸਾਰੇ ਬੱਦਲ਼ ਮੇਰੇ, ਸਾਰੀਆਂ ਬੂੰਦਾਂ, ਚਿੱਟੀ ਚਾਦਰ
'ਚ ਲਿਪਟੀ ਹੋਈ ਧੁੰਦ ਵੀ
ਮੈਂ ਹਾਂ, ਇਹ ਸਾਰਾ ਕੁੱਝ ਮੈਂ ਹੀ ਤਾਂ ਹਾਂ
ਇਕੱਲੀ ਮੈਂ ਨਹੀਂ ਤੂੰ ਲੱਗ ਰਹੀ ਹੈ ?
ਨਹੀਂ ਨਹੀਂ
ਮੈਂ ਵੀ ਇਕੱਲੀ ਨਹੀਂ ਹਾਂ,
ਤੂੰ ਹੈ ਨਾ, ਮੇਰੇ ਨਾਲ ਗੱਲਾਂ ਕਰਦੀ ਹੋਈ
ਤਾਂ ਮੈਂ ਇੱਕਲੀ ਕਿਵੇਂ ਹੋਈ ?
ਸਾਰਾ ਅਸਮਾਨ ਮੇਰਾ ਵੀ ਹੈ,
ਸਾਰੇ ਬੱਦਲ਼, ਸਾਰੀਆਂ ਬੂੰਦਾਂ
ਜਿਹਨਾਂ ਨਾਲ ਮੈਂ ਗੱਲਬਾਤ
ਕਰ ਰਹੀ ਹਾਂ,
ਆਪਾਂ ਦੋਨੋਂ ਹੀ ਪਰੀਆਂ ਹਾਂ
ਜੋ ਅਸਮਾਨ ਤੇ ਉੱਚੀਆਂ
ਉਡਾਰੀਆਂ ਲਾ ਰਹੀਆਂ ਹਾਂ।
ਬਸ ਫਰਕ ਇਹ ਹੈ ਕਿ
ਮੈਂ ਧਰਤੀ 'ਤੇ ਖੜ੍ਹੀ ਹਾਂ
ਤੇ ਤੂੰ ਅਸਮਾਨ ਤੇ ।

# ਚੁੱਪੀ

ਅੱਜ ਮੌਸਮ ਵੀ ਚੁੱਪ ਚਾਪ
ਤੈਨੂੰ ਦੇਖ ਰਿਹਾ ਹੈ।

ਕਿਉਂ ਮੌਸਮ ਦੇ ਮੁਖੜੇ ਤੋਂ
ਨੂਰ ਗੁੰਮਸ਼ੁਦਗੀ ਦਾ
ਸੁਨੇਹਾ ਦੇ ਰਿਹਾ ਹੈ।

ਅੱਜ ਹਵਾ ਵੀ ਅੱਗੇ ਵਾਂਗੂ
ਲਹਿਰਾਉਂਦੀ ਹੋਈ
ਕੋਲੋਂ ਦੀ ਨਹੀਂ
ਲੰਘ ਰਹੀ।

ਰਿਸ਼ਤੇ ਵਿੱਚੋਂ ਵੀ
ਮਿਠਾਸ ਹੁਣ ਖ਼ੁਦ ਨੂੰ
ਹੀ ਲੱਭਣ ਲੱਗੀ ਹੋਈ ਹੈ।

ਬਰਸਾਤ ਵੀ ਹੌਲੀ ਹੌਲੀ
ਬਿਰਹਾ ਦੇ ਗੀਤ
ਗਾਉਣ 'ਚ ਰੁੱਝੀਂ
ਹੋਈ ਹੈ।

ਦਿਲਦਾਰਾ!
ਸਿਰਫ਼ ਤੇਰੀ
ਚੁੱਪੀ ਕਰਕੇ
ਇਹ ਕਾਇਨਾਤ ਵੀ
ਉਦਾਸ ਹੋਈ ਪਈ ਹੈ।

ਤੇ ਜ਼ਿੰਦਗੀ ਖੜੇ ਪਾਣੀ ਵਾਂਗੂ
ਤੇਰੀ ਉਡੀਕ ਕਰਨ ਲੱਗੀ
ਹੋਈ ਹੈ।

ਐ ਮੇਰੇ ਹਮਦਮ
ਮੇਰੇ ਦੋਸਤ
ਇੰਝ ਨਾ ਕਰਿਆ ਕਰ।

ਤੈਨੂੰ ਪਤਾ ਤਾਂ ਹੈ
ਕਿ ਤੇਰੀ ਲੋੜ ਮੈਨੂੰ ਹਰ ਪਲ
ਹਰ ਛਿਣ ਰਹਿੰਦੀ ਹੈ।

ਕਿਉਕਿ ਤੇਰੇ ਬੋਲਾਂ ਨਾਲ ਹੀ
ਤਾਂ ਮੈਨੂੰ ਜ਼ਿੰਦਗੀ ਮਿਲਦੀ ਹੈ।
ਤੇ ਦਿਲ ਨੂੰ ਧੜਕਣ ਦਾ
ਕੰਮ।

ਮੌਲਾ ਇੰਝ ਮੇਰੇ ਮਨ ਦੇ
ਵਿਹੜੇ 'ਚੋਂ ਗ਼ੈਰ ਹਾਜ਼ਰ ਨਾ
ਹੋਇਆ ਕਰ।

## ਖ਼ਿਆਲ

ਕੀ ਇਹ ਹੋ ਸਕਦਾ ਹੈ ?
ਮੈਂ ਤੇਰੀ ਦੁਨੀਆਂ 'ਚ ਵੱਸ ਜਾਵਾਂ
ਬਸ ਤੇਰੀ ਹੋ ਜਾਵਾਂ
ਤੂੰ ਕੋਹਾਂ ਦੂਰ ਹੋ ਕੇ ਵੀ ਦੂਰ ਨਹੀਂ
ਤੇ ਦਿਲ ਦੇ ਨੇੜੇ ਹੋ ਕੇ ਵੀ ਦੂਰ ਹੈ
ਮਗਰ ਹਾਂ !
ਤੈਨੂੰ ਦੇਖਣ ਲਈ ਮੈਨੂੰ ਕਿਸੇ ਚੀਜ਼
ਦਾ ਸਹਾਰਾ ਲੈਣ ਦੀ ਲੋੜ ਨਹੀਂ ਪੈਂਦੀ
ਬਸ ਆਪਣੀਆਂ ਦੋਵੇਂ ਅੱਖਾਂ ਬੰਦ ਕਰਕੇ
ਜੀ ਭਰ ਵੇਖ ਲੈਂਦੀ ਹਾਂ
ਪਰ ਜਦੋਂ ਵੀ ਤੈਨੂੰ ਛੂਹਣ ਦੀ ਕੋਸ਼ਿਸ਼ 'ਚ
ਆਪਣਾ ਹੱਥ ਅੱਗੇ ਵਧਾਉਂਦੀ ਹਾਂ,
ਤਾਂ ਤੂੰ ਹਵਾ ਹੋ ਜਾਵੇ, ਇਹ ਕੀ ਚੀਜ਼ ਹੈ ?
ਜੋ ਮੇਰੇ ਨਾਲ ਹੋ ਰਹੀ ਹੈ।
ਮੈਨੂੰ ਨਹੀਂ ਪਤਾ,
ਪਰ ਸਮੁੰਦਰ ਦੀਆਂ ਲਹਿਰਾਂ 'ਚ ਲਿਪਟੇ
ਲੱਖਾਂ ਦਰਦ, ਤਕਲੀਫ਼ਾਂ
ਤੈਨੂੰ ਮਹਿਸੂਸ ਕਰਦੇ ਸਾਰ ਹੀ
ਦੂਰ ਹੋ ਜਾਂਦੇ ਨੇ।

# ਮਾਂ

ਮਾਂ ਰੂਹ ਤਾਂ ਹੁੰਦੀ ਹੈ
ਸਗੋ ਭਟਕਦੀ ਨਹੀਂ!
ਰਸੋਈ ਵਿਚ ਬੱਚਿਆਂ ਲਈ
ਗੋਲ ਰੋਟੀ ਬਣ ਜਾਵੇ
ਸਬਜ਼ੀ 'ਚ ਸਵਾਦ ਬਣ ਜਾਵੇ।

ਮਾਂ ਮਾਂ ਹੁੰਦੀ ਹੈ
ਸਗੋ ਭਟਕਦੀ ਨਹੀਂ।
ਮਾਂ ਬੱਚਿਆਂ ਲਈ
ਪਿਸ ਜਾਵੇ
ਰੋਜ਼ਮਰ੍ਹਾ ਦੀਆਂ
ਜ਼ਿੰਮੇਵਾਰੀਆਂ ਵਿੱਚ
ਕਣਕ ਦੇ ਭੜੋਲਿਆਂ 'ਚ
ਦਾਨਿਆਂ ਦੀ ਤਰ੍ਹਾਂ
ਮਾਂ ਮਾਂ ਹੁੰਦੀ ਹੈ
ਸਗੋਂ ਭਟਕਦੀ ਨਹੀਂ!

ਮਾਂ ਬੱਚਿਆਂ ਲਈ
ਤਵੇ ਤੇ ਪਾਈ ਰੋਟੀ
ਬਣ ਜਾਵੇ
ਜੋ ਅੱਗ ਦੇ ਸੇਕ ਤੇ
ਵੀ ਰੜ ਜਾਵੇ
ਮਾਂ ਦੇ ਹੱਥਾਂ ਦੀਆਂ ਲਕੀਰਾਂ
'ਚੋਂ ਪਿਆਰ ਦੇਖਿਆਂ
ਜਾ ਸਕਦਾ ਹੈ
ਮਾਂ ਮਾਂ ਹੁੰਦੀ ਹੈ
ਸਗੋਂ ਭਟਕਦੀ ਨਹੀਂ!

ਮਾਂ ਬੱਚਿਆਂ ਲਈ
ਠੰਡੀ ਸ਼ੀਤ ਲਹਿਰ
ਬਣ ਜਾਵੇ
ਸੰਘਣੀ ਛਾਂ ਬਣ ਜਾਵੇ
ਘਰ ਦੇ ਵਿਹੜੇ 'ਚ
ਖੜ੍ਹੇ ਸੰਘਣੀ ਧੁੰਦ ਨਾਲ
ਭਰੇ ਬਿਰਖ ਦੀ ਤਰ੍ਹਾਂ
ਮਾਂ ਮਾਂ ਹੁੰਦੀ ਹੈ
ਭਟਕਦੀ ਨਹੀਂ!

ਰੂਹਾਂ ਦੀ ਸੰਵੇਦਨਸ਼ੀਲ
ਹੁੰਦੀ ਹੈ।
ਮਾਂ ਕਦੀ ਵੀ ਨਹੀਂ
ਭਟਕਣ ਵਾਲੀ ਨਹੀਂ ਹੁੰਦੀ
ਮਾਂ ਬਸ ਮਾਂ ਹੁੰਦੀ ਹੈ
ਤੇ ਜੋ ਭਟਕਦੀ ਹੈ
ਉਹ ਕਦੀ ਮਾਂ ਨਹੀਂ ਹੁੰਦੀ।

# ਮੌਤ ਅਤੇ ਜ਼ਿੰਦਗੀ

ਨਾ ਮੈਂ ਪੂਰੀ ਮੌਤ ਦੀ ਹੋਈ ਤੇ
ਨਾ ਪੂਰੀ ਜ਼ਿੰਦਗੀ ਦੀ
ਬਲਕਿ ਇਹਨਾਂ ਦੋਵਾਂ
ਵਿਚਲਾ ਰਸਤਾ,
ਤੈਅ ਕਰਦੀ ਜਾ ਰਹੀ ਹਾਂ।
ਬੇ -ਅਰਥ ਬੇ-ਬੁਨਿਆਦ
ਨਾ ਮੈਂ ਜ਼ਿੰਦਗੀ ਦੀ ਖ਼ੁਸ਼ੀ
ਮਹਿਸੂਸ ਕਰ ਪਾਈ,
ਤੇ ਨਾ ਮੌਤ ਦੇ ਪੰਨਿਆਂ
ਉੱਤੇ ਕੁੱਝ ਲਿਖ ਪਾਈ।
ਰੱਬਾ!
ਇਸ ਤੋਂ ਵੀ ਵੱਧ
ਜੇ ਤੇਰੀ ਸੋਚਦੀ
ਕੋਈ ਹੋਰ
ਪੈਦਾਵਾਰ ਹੋਵੇ,
ਤਾਂ ਮੈਨੂੰ ਉਸ ਰਸਤੇ 'ਤੇ
ਤੋਰਕੇ ਵੇਖ ਲਈ,
ਸ਼ਾਇਦ ਕੋਈ ਤੇਰਾ
ਚਾਅ ਪੂਰਾ ਹੋ ਜਾਵੇ,
ਜੇ ਫਿਰ ਵੀ ਨਾ ਦਿਲ ਭਰੇ
ਤਾਂ ਮੈਨੂੰ ਸ਼ੌਕ ਨਾਲ ਦੱਸ ਦੇਵੀ
ਮੈਂ ਉਹ ਵੀ ਪੂਰਾ
ਕਰ ਦੇਵਾਂਗੀ।
ਕਿਉਂਕਿ ਮੈਂ ਆਦਤ ਤੋਂ ਮਜ਼ਬੂਰ ਹਾਂ
ਸਭ ਦੀ ਗੱਲ ਮੰਨਣ ਲਈ
ਮਗਰ
ਮੈਨੂੰ ਇਹ ਤਾਂ ਦੱਸ

ਹੁਣ ਕਿਸ ਗੱਲ ਦੀ
ਸਜ਼ਾ ਦੇਣ ਦੀ ਕੋਸ਼ਿਸ਼ ਕੀਤੀ ਤੂੰ
ਇਸ ਬਾਰੇ ਥੋੜ੍ਹਾ ਜਿਹਾ ਦੱਸ
ਦਿੰਦਾ, ਸ਼ਾਇਦ ਕੋਈ
ਓਟ ਆਸਰਾ ਮੈਂ ਤੱਕ ਲੈਂਦੀ,
ਤੂੰ ਤਾਂ ਕੁੱਝ ਵੀ ਸੋਚਣ ਦਾ
ਮੌਕਾ ਨਹੀਂ ਦਿੱਤਾ ਬਲਕਿ
ਕੁੱਝ ਕਹਿਣ ਸੁਣਨ ਤੋਂ ਬਿਨ੍ਹਾਂ ਹੀ
ਕਿਸੀ ਮੁਜ਼ਰਿਮ ਦੀ ਤਰ੍ਹਾਂ
ਕਚਹਿਰੀ ਵਿੱਚ ਪੇਸ਼ੀ ਦੌਰਾਨ
ਆਪ ਹੀ ਫ਼ੈਸਲਾ ਕਰ ਦਿੱਤਾ
ਤੇ ਸਜ਼ਾ ਸੁਣਾਈ
ਮੇਰੇ ਦਰ ਤੋਂ ਦੂਰ ਹੋ ਜਾ।
ਹੁਣ ਮੇਰੀ ਕੋਈ
ਹੂਕ ਦੀ ਉਡਾਰੀ
ਤੇਰੇ ਕੰਨਾਂ ਤੀਕ ਨਹੀਂ
ਪਹੁੰਚ ਸਕਦੀ।

## ਤਾਹਨੇ

ਸੁਣ ਮੇਰੀਏ ਨਨਾਣੇ
ਤੇਰਾ ਵੀਰਾ ਏ ਕਮਾਲ
ਮੂਹਰੇ ਕਰ ਸਾਹਮਣੇ ਮੈਨੂੰ
ਚਲਾਵੇ ਆਪਣੀ ਚਾਲ
ਨਾਲ ਬੈਠ ਚੁੱਪ ਚਾਪ
ਸੁਣਾਵੇ ਆਪਣੀ ਤਾਲ
ਐਵੇਂ ਚਲਦਿਆਂ-ਚਲਦਿਆਂ
ਲੰਘ ਜਾਣੇ ਬਸ ਕਈ ਸਾਲ
ਤੂੰ ਪੁੱਛਦੀ ਨਾ ਮੇਰਾ ਹਾਲ
ਨਨਾਣੇ ਮੁੱਕੇ ਨਾ ਜੰਜਾਲ਼
ਮੁੱਕੇ ਨਾ ਜੰਜਾਲ਼
ਤੂੰ ਪੁੱਛਦੀ ਨਾ ਮੇਰਾ ਹਾਲ।

ਵਾਹ ਨੀ ਵੱਡੀਏ ਨਨਾਣੇ
ਤੇਰਾ ਵੀਰਾ ਏ ਕਮਾਲ
ਕੁੜਤੇ ਸਮਾਵੇ ਤਾਂ ਹਜ਼ਾਰ
ਪਾਉਣ ਨੂੰ ਨਖਰੇ ਬੇਮਿਸਾਲ
ਦਿਲਾਂ ਦੀ ਗੱਲ ਨਾ ਕੋਈ ਕਰਦਾ
ਨੀਂਦ 'ਚ ਗਵਾਈ ਜਾਵੇਂ
ਤੀਆਂ ਜਿਹੇ ਸਾਲ
ਪੱਲੇ ਬਿਨਾ ਸ਼ੌਂਕ ਭੈਣੇ
ਕਿਵੇਂ ਬਣੇ ਸੁਰ ਤਾਲ
ਮੁੱਕੇ ਨਾ ਜੰਜਾਲ਼ ਨਨਾਣੇ
ਮੁੱਕੇ ਨਾ ਜੰਜਾਲ਼
ਤੂੰ ਪੁੱਛਦੀ ਨਾ ਮੇਰਾ ਹਾਲ।

ਸੁਣ ਮੇਰੀਏ ਛੋਟੀਏ ਨਨਾਣੇ
ਤੇਰਾ ਵੀਰਾ ਏ ਕਮਾਲ

ਬੂਟ ਸਾਫ਼ ਕਰਾਵੇ ਮੈਥੋਂ
ਫਿਰ ਤੁਰੇ ਮੜ੍ਹਕ ਦੇ ਨਾਲ
ਘਰ ਵੱਲੋਂ ਬੇਫ਼ਿਕਰਾਂ
ਸਾਡੀ ਗਲ਼ਦੀ ਨਾ ਦਾਲ
ਕੰਮ ਕਰਾ ਦਿਨ ਰਾਤ
ਹਾਲੋ ਹੋ ਕੇ ਬੇਹਾਲ
ਜ਼ਰਾ ਨਾ ਰੱਖੇ ਮੇਰਾ ਖ਼ਿਆਲ
ਮੁੱਕੇ ਨ ਜੰਜਾਲ਼ ਨਨਾਣੇ
ਮੁੱਕੇ ਨਾ ਜੰਜਾਲ਼
ਤੂੰ ਪੁੱਛਦੀ ਨਾ ਮੇਰਾ ਹਾਲ।

ਗੱਲ ਕੱਢ ਗੱਲਾਂ ਵਿਚੋਂ
ਲਾਹੁੰਦਾ ਵਾਲ ਦੀ ਖਾਲ
ਗੱਲ ਗੱਲ ਉੱਤੇ ਰੋਸੇ
ਦਿਲ ਦਾ ਨਾ ਜਾਣੇ ਹਾਲ
ਜਾਣ ਬੁੱਝ ਕੇ ਗੱਲ ਵਧਾਵੇ
ਰੁਸ ਜਾਵਾ ਤਾਂ ਫੁੱਲ ਚੜ੍ਹਾਵੇ
ਮੈਂ ਤਾਂ ਕੁੱਝ ਨਹੀਂ ਤੈਨੂੰ ਕਹਿੰਦਾ
ਸੁੰਨਵੱਟਾ ਬਣ ਸੁਣਦਾ ਰਹਿੰਦਾ
ਤੂੰ ਤਾਂ 'ਸਵੀਏ' ਮੇਰੀਏ ਜ਼ਿੰਦੇ
ਤੁਰਦਾ ਰਹਾਂਗਾ ਤੇਰੇ ਨਾਲ
ਮੁੱਕੇ ਨਾ ਜੰਜਾਲ਼ ਨਨਾਣੇ
ਮੁੱਕੇ ਨਾ ਜੰਜਾਲ਼
ਕਿਉਂ ਪੁੱਛਦੀ ਨਾ ਮੇਰਾ ਹਾਲ
ਨਨਾਣੇ।
ਕਿਉਂ ਪੁੱਛਦੀ ਨਾ ਮੇਰਾ ਹਾਲ।

# ਇਲਜ਼ਾਮ

ਮੇਰੇ ਸਿਰ ਹੁਣ ਕਈ ਇਲਜ਼ਾਮ ਨੇ
ਮੇਰੀ ਬੱਚੀਏ!
ਮੈਨੂੰ ਮਾਫ਼ ਕਰੀ, ਮੇਰੀਆਂ ਕੁੱਝ ਗਲਤੀਆਂ ਲਈ
ਕੀਤੀਆਂ ਜੋ ਕੁੱਝ ਫੈਸਲੇ ਲੈਣ ਲਈ
ਮੈਂ ਮਾਫ਼ੀ ਮੰਗ ਦੀ ਹਾਂ
ਹਰ ਇਕ ਰਾਤ ਲਈ
ਜਦੋਂ ਲੋਰੀ ਲਈ ਤੂੰ ਮੈਨੂੰ ਲੱਭ ਦੀ ਹੋਵੇਗੀ
ਮੈਂ ਮਾਫ਼ੀ ਮੰਗਦੀ ਹਾਂ
ਹਰ ਇਕ ਦਿਨ ਲਈ
ਜਦੋਂ ਤੈਨੂੰ ਮੇਰੀ ਜ਼ਰੂਰਤ ਸੀ,
ਮੈਂ ਤੇਰੇ ਕੋਲ ਨਹੀਂ ਅੱਪੜ ਸਕੀ।
ਜਜ਼ਬਾਤ ਕਈ ਨੇ, ਜੋ ਸਾਂਝੇ ਕਰਨੇ ਸੀ।
ਤੂੰ ਸੋਚਦੀ ਤਾਂ ਹੋਵੇਗੀ! ਜ਼ਰੂਰ
ਮਾਂ ਤੂੰ ਕਿੱਥੇ ਚਲੀ ਗਈ,
ਮੇਰੇ ਕੋਲ ਤੂੰ ਪਹੁੰਚ ਕਿਉਂ ਨਹੀਂ ਸਕਦੀ।
ਹੁਣ ਤੂੰ ਕਿਹੜੇ ਬੰਧਨਾਂ 'ਚ ਬੱਝ ਗਈ ਏ,
ਕਿਸ ਨੇ ਤੇਰੇ ਪੈਰਾਂ 'ਚ ਬੇੜੀਆਂ ਪਾ ਦਿੱਤੀਆਂ ਨੇ
ਮੈਂ ਮਾਫ਼ੀ ਮੰਗਦੀ ਹਾਂ
ਤੇਰੀ ਅੱਖ ਦੇ ਹਰ ਹੰਝੂ ਤੋਂ
ਜੋ ਰਾਹੀ ਮੇਰੇ ਵਿਛੇ ਹੋਣਗੇ,
ਮੇਰੀ ਉਡੀਕ 'ਚ
ਤੇਰੀ ਦੂਰੀ ਦਾ ਅਹਿਸਾਸ ਮੈਨੂੰ ਵੀ ਹੈ,
ਮੈਂ ਵੀ ਨਹੀਂ ਕਦੀ ਭੁੱਲੀ
ਮੈਂ ਵੀ ਤਾਂ ਹਰ ਦਿਨ ਹਰ ਰਾਤ ਤੇਰੇ ਅਹਿਸਾਸ ਨੂੰ
ਟਟੋਲਦੀ ਰਹਿੰਦੀ ਹਾਂ।
ਲੱਗਦੈ, ਦੂਰੀ ਦੀ ਰੇਖਾ ਸਾਡੀ ਕਿਸਮਤ ਵਿੱਚ ਹੀ ਹੈ।
ਮਗਰ ਤੂੰ ਇਸ ਦੂਰੀ ਦੇ ਅਹਿਸਾਸ ਨੂੰ ਨਾ ਦੇਖ

ਮੈਂ ਹਮੇਸ਼ਾ ਤੇਰੇ ਨਾਲ ਤੇਰਾ ਪਰਛਾਵਾਂ
ਬਣ ਕੇ ਤੇਰੇ ਕੋਲ ਹੀ ਹਾਂ ।
ਸਮਝ ਲਈ ਇਹ ਦੂਰੀ ਸਭ ਬੰਧਨਾਂ ਦੀ
ਜੰਜ਼ੀਰਾਂ ਨੂੰ ਕੱਟ ਦੇਵੇਗੀ ਇੱਕ ਦਿਨ
ਤੇ ਫਿਰ ਹਰ ਦੂਰੀ ਦਾ ਅਹਿਸਾਸ
ਫਿੱਕਾ ਜਾਪੇਗਾ ਇੱਕ ਦਿਨ
ਸਮਾਂ ਆਪਣੀ ਚਾਲ ਚੱਲ ਰਿਹਾ ਹੈ।
ਆਪਾਂ ਵੀ ਦੋਵੇਂ ਚੱਲੀ ਚੱਲੀਏ,
ਪਹਿਲਾ ਤੂੰ ਮੈਨੂੰ ਮਾਫ਼ ਕਰ
ਮੇਰੀ ਹਰ ਇੱਕ ਗੱਲ ਲਈ ,
ਜੋ ਪੂਰੀ ਨਾ ਕਰ ਸਕੀ
ਚੰਗੇ ਸਮੇਂ ਦੀ ਉਡੀਕ 'ਚ ਬੈਠੀ
ਤੇਰੀ ਮਾਂ.............

# ਅਹਿਸਾਸ

ਖ਼ਤ ਪੜ੍ਹ ਕੇ ਬਹੁਤ ਰੋਣਾ ਆਇਆ ਮੈਨੂੰ।
ਦੂਰੀ ਦਾ ਅਹਿਸਾਸ ਲੜਕੇ ਹੋਇਆ ਮੈਨੂੰ।

ਚਾਨਣ ਹੇਠ ਘੋਰ ਹੋ ਗਿਆ ਹੈ ਹਨ੍ਹੇਰਾ,
ਤੂੰ ਕਿੱਥੇ ਜਾ ਕੇ ਲੱਭੇਗੀ ਮੇਰਾ ਚਿਹਰਾ।

ਬੇਦਰਦ ਦਿਲ ਤੇ ਜ਼ੋਰ ਸੀ ਕਿਸਦਾ,
ਤੈਨੂੰ ਖੋ ਕੇ ਪਛਤਾਵਾ ਹੁਣ ਦਿਸਦਾ।

ਬੀਤੇ ਪਲਾਂ ਨੂੰ ਯਾਦ ਜਿਹਾ ਕਰਦੇ ਹਾਂ,
ਯਾਦਾਂ ਦੇ ਨਿਸ਼ਾਨਾਂ ਦਾ ਦਮ ਭਰਦੇ ਹਾਂ।

ਖ਼ਬਰੇ ਤੂੰ ਚਲਾ ਗਿਆ ਹੈ ਕਿੱਥੇ ਰੁੱਸ ਕੇ,
ਹਰ ਪਲ ਦੀਦ ਦੀ ਤਿਹਾਈ ਵੇਖੀ ਪੁੱਛ ਕੇ।

ਗ਼ਲਤੀਆਂ ਨੂੰ ਨਾ ਮਾਫ਼ ਕਰਨ ਦੀ ਜ਼ਿਦ ਤੇਰੀ,
'ਸਵੀ' ਉਮਰ ਭਰ ਦੀ ਤੜਫ ਬਣ ਗਿਆ ਮੇਰੀ।

## ਕੁੱਝ ਅਧੂਰੇ ਖ਼ੁਆਬ

ਚਾਹੁੰਦੇ ਅਸੀਂ ਏਨਾ,
ਜਿਸ ਦਾ ਕੋਈ ਹਿਸਾਬ ਨਹੀਂ
ਸਜਾ ਲਏ ਕਈ ਖ਼ੁਆਬ,
ਅਸੀਂ ਨਾਲ ਤੇਰੇ,
ਪੁੱਗਣਗੇ ਜਾ ਹੋਣਗੇ ਖ਼ਾਕ
ਪਤਾ ਨਹੀਂ ਇਹਦਾ ਨਾਲੇ,
ਸਾਡੇ ਕੋਲ ਕੋਈ ਜਵਾਬ ਨਹੀਂ
ਪਰ ਚਾਹੁੰਦੇ ਅਸੀਂ ਏਨਾ,
ਜਿਸ ਦਾ ਕੋਈ ਹਿਸਾਬ ਨਹੀਂ

ਤੂੰ ਬੋਲ ਨਾ ਚਾਹੇ ਬੋਲ,
ਅਸੀਂ ਆਪੇ ਲੈਣਾ ਬੁਲਾ,
ਤੇਰੇ ਹਾਸਿਆਂ ਦੇ ਸੰਗ
ਅਸੀਂ ਜ਼ਿੰਦਗੀ ਲੈਣੀ ਲੰਘਾ
ਬਿਨ ਤੇਰੇ ਨਾ ਕੀਤੇ ਸਜਦੇ,
ਦੇਖਿਆ ਕੋਈ ਖ਼ੁਆਬ ਨਹੀਂ,
ਪਰ ਚਾਹੁੰਦੇ ਅਸੀਂ ਏਨਾ,
ਜਿਸ ਦਾ ਕੋਈ ਹਿਸਾਬ ਨਹੀਂ

ਜਾਨ ਕੱਢਦਾ ਹੈ ਤੇਰਾ ਹਾਸਾ
ਮਾਰ ਦਿਲਾਂ ਤੇ ਕਰਦਾ
ਕਰੇ ਸ਼ਰਾਰਤ ਟੇਢੀ ਨਜ਼ਰੇ,
ਤੇਰੇ ਤੋਂ ਦਿਲ ਡਰਦਾ,
ਤੈਨੂੰ ਮੀਤ ਬਣਾਇਆ
ਕੱਢ ਦਿਲੋਂ ਡਰ ਜੱਗ ਦਾ,
ਚਾਹੁੰਦਾ ਹੈ ਜਾਂ

ਕਰਦਾ ਹੈ ਸ਼ਰਾਰਤਾਂ,
ਪਤਾ ਨਹੀਂ ਇਹਦਾ,
ਪਰ ਚਾਹੁੰਦੇ ਅਸੀਂ ਏਨਾ,
ਜਿਸ ਦਾ ਕੋਈ ਹਿਸਾਬ ਨਹੀਂ

ਤੜਫ਼ ਤੈਨੂੰ ਹੀ ਚਾਹੁੰਣ ਦੀ ਹੁਣ
ਦਿਲ ਕਮਲਾ ਹੋਇਆ ਲੱਖ ਦਾ,
ਮਾਰ ਮੁਕਾਇਆਂ ਏ ਤੇ,
ਛੱਡਿਆਂ ਨਾ ਕੱਖ ਦਾ
ਆਸ ਨਾ ਹੋਰ ਦੀ 'ਸਵੀ' ਨੂੰ
ਇਹ ਇਰਾਦਾ ਆਪਣਾ ਸਾਂਝਾ ਹੈ
ਪਤਾ ਨਹੀਂ ਇਹਦਾ
ਪਰ ਚਾਹੁੰਦੇ ਅਸੀਂ ਏਨਾ
ਜਿਸ ਦਾ ਕੋਈ ਹਿਸਾਬ ਨਹੀਂ

## ਸ਼ਿਕਵਾ ਰੱਬ ਨਾਲ

ਰੱਬਾ ਮੈਨੂੰ ਤੂੰ ਜਦੋਂ ਵੀ ਮਿਲਿਆ
ਮੈਂ ਤੈਨੂੰ ਪੁੱਛਾਂਗੀ ਜ਼ਰੂਰ
ਚੰਗੀ ਭਲੀ ਜ਼ਿੰਦਗੀ ਕਿਉਂ
ਟੁੱਟਦੇ ਹੌਕਿਆਂ ਤੇ ਹਾਦਸਿਆਂ ਦੇ ਨਾਂ
ਹੋ ਕੇ ਰਹਿ ਗਈ ਹੈ।
ਐ ਰੱਬਾ!
ਕਦੋਂ ਮੰਗਿਆ ਸੀ, ਮੈਂ ਤੇਰੇ ਕੋਲੋਂ
ਸੋਨੇ ਦਾ ਸਾਮਰਾਜ
ਦੱਸ ਤਾਂ ਸਹੀ ?
ਕਦੇ ਕੀਤਾ ਹੋਵੇ ਤੇਰੇ ਨਾਲ
ਸ਼ਿਕਵਾ ਜਾ ਸ਼ਿਕਾਇਤ,
ਫੇਰ ਕਿਉਂ ਤੂੰ ਸਮੇਂ ਨੂੰ
ਇਸ ਤਰ੍ਹਾਂ ਘੁੰਮਾ ਦਿੱਤਾ
ਕਿ ਮੇਰੇ ਰੋਮ ਰੋਮ ਵਿੱਚ
ਵੱਸ ਚੁੱਕੀ ਮਹਿਕ ਨੇ ਮੇਰੇ ਲਈ
ਬਦਲ ਦਿੱਤੇ
ਜ਼ਿੰਦਗੀ ਦੇ ਸਾਰੇ ਅਰਥ।
ਤੇ ਮੈਂ ਰੰਗੀ ਗਈ ਸਾਰੀ ਦੀ ਸਾਰੀ
ਉਸ ਦੇ ਰੰਗ ਵਿੱਚ
ਕੀ ਇੰਝ ਹੋ ਜਾਣਾ ਕੋਈ ਗੁਨਾਹ ਹੈ ਰੱਬਾ?
ਭਲਾ ਦੱਸ ਤਾਂ ਸਹੀ ਕਿਵੇਂ?
ਤੇ ਕਿਉਂ?
ਮੇਰੇ ਲਈ ਸਾਰੇ ਰਿਸ਼ਤੇ ਪਹਿਲਾ ਨਾਲੋਂ ਵੀ
ਵੱਧ ਪਿਆਰੇ ਤੇ ਗਹਿਰੇ ਹੋ ਗਏ ਨੇ
ਛਿੜ ਗਈ ਹੈ ਮੇਰੇ ਰੋਮ ਰੋਮ ਵਿੱਚ
ਕੋਈ ਕੰਬਣੀ ਕੋਈ ਝੁਨਝਨਾਹਟ
ਕਿਸੇ ਅਬੁੱਝ ਅਣ ਕਿਆਸੇ

ਰਾਗ ਦੀ ਤਰ੍ਹਾਂ
ਕਿਉਂ ਜ਼ਿੰਦਗੀ
ਮੇਰੇ ਲਈ ਸੁਪਨਾ ਹੋ ਕੇ ਰਹਿ ਗਈ ?
ਤੇ ਸੁਪਨਾ ਵੀ ਇਹੋ ਜਿਹਾ
ਜੋ ਸੱਚ ਹੁੰਦਾ ਵੀ ਸੱਚ ਵਰਗਾ ਨਹੀਂ
ਜਿਸ ਨੂੰ ਕਲ਼ਪਦਿਆਂ ਕਲ਼ਪਦਿਆਂ
ਮੈਂ ਪਾਗਲ ਹੋ ਜਾਵਾਂਗੀ ।
ਚਾਹੁੰਦੀ ਹਾਂ ਮੈਂ ਕਿਸੇ ਦੀ ਰੂਹ ਦਾ ਹਾਣ
ਕਿਸੇ ਦੀ ਅਧੂਰੀ ਇਬਾਦਤ ਤੇ
ਚਾਹੁੰਦੀ ਹਾਂ ਅਧੂਰੇ ਬੋਲਾਂ
ਦਾ ਪੂਰਾ ਹੋ ਜਾਣਾ
ਤੂੰ ਮੇਰੇ ਕੋਲੋਂ ਭਾਵੇਂ ਸਾਰਾ ਕੁੱਝ ਲੈ ਲੈ
ਪਰ ਮੇਰੀ ਰੂਹ ਮੇਰੀ ਆਤਮਾ
ਤਾਂ ਵਾਪਸ ਕਰਦੇ ?
ਵੇਖ ਤਾਂ ਸਹੀ
ਮੋਮ ਦੀ ਮੂਰਤੀ ਵਾਂਗ ਮੇਰਾ ਵੀ
ਪਿਘਲ਼ਿਆ ਅਪਣਾ ਆਪ
ਮੇਰਾ ਪ੍ਰੇਮ ਓਪਰਾ ਨਹੀਂ ਹੈ,
ਬਲਕਿ ਗਹਿਰਾਈ ਦੀ
ਸਭ ਤੋਂ ਅੰਤਿਮ ਸਿਖਰ ਹੈ।
ਤੂੰ ਕਰਵਾ ਹੀ ਦਿੰਦਾ
ਦੋ ਅਧੂਰੀਆਂ ਆਤਮਾਂਵਾਂ ਦਾ ਮਿਲਣ
ਭਲਾ ਤੇਰੇ ਲਈ  ਇਹ ਕਿਹੜੀ ਵੱਡੀ ਗੱਲ ਸੀ ?
ਮੈਥੋਂ ਨਹੀਂ ਦੇ ਹੋਣੇ ,
ਪ੍ਰੇਮ ਵਿਰੋਧ ਵਿੱਚ ਤਰਕ ਜਾਂ ਉਪਦੇਸ਼
ਹਾਂ !
ਏਨਾ ਜ਼ਰੂਰ ਜਾਣਦੀ ਹਾਂ,
ਸਾਡੀਆਂ ਤੜਫ਼ਦੀਆਂ ਰੂਹਾਂ ਦਾ ਬੇਬਸ ਮੌਨ
ਤੈਨੂੰ ਦੇਵੇਗਾ ਸਰਾਪ ਜ਼ਰੂਰ।
ਰੱਬਾ !

# ਪਿਆਰ ਦੀ ਭਾਸ਼ਾ

ਉਹ ਸਾਰਾ ਦਿਨ
ਮੈਨੂੰ ਸਾਹਮਣੇ ਬਿਠਾਕੇ ਦੇਖ ਦਾ ਰਿਹਾ
ਬਹੁਤ ਕੁੱਝ ਪੁੱਛਦਾ ਰਿਹਾ
ਬਿਨ੍ਹਾਂ ਕੁੱਝ ਕਹੇ
ਮੈਂ ਜਵਾਬ ਦਿੱਤਾ
ਉਸੇ ਦੀ ਭਾਸ਼ਾ 'ਚ ਚੁੱਪਚਾਪ
ਕਾਫੀ ਦੇਰ ਦੀ ਗੁਫ਼ਤਗੂ
ਚੱਲਦੀ ਰਹੀ ਅੱਖਾਂ ਰਾਹੀਂ
ਫਿਰ ਅਹਿਸਾਸ ਨੇ ਇਕ ਦਸਤਕ ਦਿੱਤੀ
ਦਿਲ 'ਤੇ
ਦੋਵਾਂ ਦੇ ਦਿਲਾਂ ਦੀ ਧੜਕਣ
ਤੇਜ਼ ਹੋਈ ਕਿਉਂਕਿ ਮੈਂ ਸਭ ਕੁੱਝ ਸਮਝ
ਗਈ ਸੀ ਉਸ ਦੇ ਦਿਲ ਦੀ ਗੱਲ'ਤੇ ਉਹ
ਮੇਰੇ ਦਿਲ ਦੀ ਗੱਲ
ਜਿਸ 'ਚ ਉਮਰਾਂ ਦੀ ਸਾਂਝ ਸੀ
ਇੱਕ ਦੂਜੇ ਪ੍ਰਤੀ ਸਮਰਪਣ ਸੀ
ਤੇ ਗਹਿਰੇ ਪਾਣੀ
ਜਿਹਾ ਪਿਆਰ।

# ਬਰਸਾਤ

ਰੋਕਿਆ ਬਥੇਰਾ ਪਰ ਜਦ ਵੀ ਸੀ ਰਾਤ ਹੋਈ,
ਅੱਖਿਆਂ 'ਚੋਂ ਹੰਝੂਆਂ, ਦੀ ਮੇਰੇ ਬਰਸਾਤ ਹੋਈ।
ਅੱਖੀਆਂ 'ਚੋਂ ਹੰਝੂਆਂ........

ਘੇਰਾ ਪਾਇਆਂ ਦਿਲ ਨੂੰ ਇੰਝ ਜਜ਼ਬਾਤਾਂ ਨੇ,
ਨਾ ਸਾਂਭ ਸਾਥੋਂ ਹੰਝੂਆਂ ਦੀ ਸੌਗਾਤ ਹੋਈ।
ਅੱਖੀਆਂ 'ਚੋਂ ਹੰਝੂਆਂ........

ਹੌਕਿਆਂ ਦੇ ਸੰਗ ਹੋਈ ਰੂਹਾਂ ਦੀ ਲੜਾਈ ਸੀ,
ਪੀੜਾਂ ਜਿੱਤੀਆਂ ਨੇ ਸਾਡੀ, ਸੱਚੀ ਫਿਰ ਮਾਤ ਹੋਈ।
ਅੱਖੀਆਂ 'ਚੋਂ ਹੰਝੂਆਂ........

ਬਣਾ ਕੇ ਦੇਵੀ ਪੂਜਦੇ ਜਿਸ ਨੂੰ ਲੋਕੀ,
ਜੁੱਤੀ ਪੈਰਾਂ ਦੀ, ਕੀ ਉਸਦੀ ਔਕਾਤ ਹੋਈ।
ਅੱਖੀਆਂ 'ਚੋਂ ਹੰਝੂਆਂ...........

ਸੰਦਲੀ ਨੈਣਾਂ 'ਚ ਉਦਾਸੀ ਛਾਈ ਰਹਿੰਦੀ ਸੀ,
ਹਾਦਸਾ ਕੀ ਹੋਇਆ ਜਾਂ ਕੀ ਗਲਬਾਤ ਹੋਈ।
ਅੱਖੀਆਂ 'ਚੋਂ ਹੰਝੂਆਂ........

ਲੋਕਾਂ ਲਈ ਹੁਸਨ ਦੀ ਮਲਕਾ ਹੈ ਉਹ,
ਜਾਤ ਫਿਰ ਕਿਉਂ ਉਸ ਦੀ ਕਮਜਾਤ ਹੋਈ।
ਅੱਖੀਆਂ 'ਚੋਂ ਹੰਝੂਆਂ........

ਦਿਨ ਅਤੇ ਰਾਤਾਂ ਇੰਝ ਪੀੜਾਂ ਸੰਗ ਲੰਘਦੀਆਂ,
ਚੱਲਿਆਂ  ਨਾ ਪਤਾ 'ਸਵੀ' ਕਦ ਪਰਭਾਤ ਹੋਈ।
ਅੱਖੀਆਂ 'ਚੋਂ ਹੰਝੂਆਂ ਦੀ ਮੇਰੇ ਬਰਸਾਤ ਹੋਈ।

**ਰਿਕਾਰਡ ਹੋਇਆ ਗੀਤ**

# ਉਤਰਦੇ ਇਨਸਾਨੀ ਮਖੌਟੇ

ਕੋਈ ਕਹਿੰਦਾ
ਪੂਜਾ ਤਾਂ ਮਰ ਗਈ
ਕੋਈ ਕਹਿੰਦਾ ਦਮ ਤੋੜ ਗਈ ।
ਮਰੀ ਤਾਂ ਹੈ ਇਨਸਾਨੀਅਤ
ਮਰੀ ਹੈ ਅੱਜ ਤੁਹਾਡੀ ਸੋਚ
ਬਸ ਨਹੀਂ ਮਰੀ ਤਾਂ ਪੂਜਾ
ਪੂਜਾ ਤਾਂ ਉਦੋਂ ਤੱਕ ਜਿੰਦਾ ਰਹੇਗੀ
ਜਦੋਂ ਤੱਕ ਤੁਸੀਂ ਆਪਣੀਆਂ ਨਜ਼ਰਾਂ 'ਚ
ਉਸ ਨੂੰ ਨਹੀਂ ਮਾਰਦੇ
ਜਦੋਂ ਤੱਕ ਚਾਹੋਗੇ
ਪੂਜਾ ਨੂੰ ਸਟੇਜੀ ਨੱਚਦੇ ਹੋਏ ਦੇਖੋਗੇ,
ਜਦੋਂ ਤੱਕ ਚਾਹੋਗੇ ਪੂਜਾ
ਆਪਣਾ ਲੱਕ ਹਿਲਾਉਂਦੀ ਰਹੇਗੀ,
ਆਪ ਸਭ ਦਾ ਮਨ ਪ੍ਰਚਾਉਣ ਲਈ।
ਜਦੋਂ ਤੱਕ ਚਾਹੋਗੇ ਉਸ ਦੇ ਪੈਰੀ
ਘੁੰਗਰੂ ਬੰਨੇ ਰਹਿਣਗੇ।
ਕਿਉਂਕਿ ਇਹ ਸਭ ਕੁੱਝ
ਤੁਹਾਡੀ ਸੋਚ ਦੀ ਉਪਜ ਨਾਲ ਹੀ
ਸਿਰਜਿਆ ਜਾਂਦਾ ਹੈ।
ਕੀ ਹੋਇਆ ਉਹ ਨੱਚਦੀ ਨੱਚਦੀ
ਦਮ ਤੋੜ ਗਈ।
ਤੁਹਾਡੀ ਫੋਕੀ ਸ਼ੌਹਰਤ ਤੇ ਟੌਹਰ ਅੱਗੇ
ਚਲੋ ਜੋ ਕੁੱਝ ਹੋਇਆ ਰੱਬ ਦਾ ਭਾਣਾ
ਮੰਨ ਲੈਂਦੇ ਹਾਂ।
ਕਿਉਂਕਿ ਕਿਸ ਨੇ ਚਾਹਿਆ ਸੀ
ਇੱਦਾਂ ਹੋ ਜਾਵੇ ,
ਉਹ ਤਾਂ ਬਸ ਕਿਸਮਤ ਦੀ ਸ਼ਿਕਾਰ ਬਣ ਗਈ
ਉਹਦੇ ਲੇਖਾ 'ਚ ਹੀ ਲਿਖਿਆ ਹੋਇਆ ਸੀ।
ਮਗਰ!

ਤੁਹਾਡੀ ਸੋਚ ਨੂੰ ਕੀ ਘੁਣ ਲੱਗ ਗਿਆ ਸੀ,
ਕਿ ਇਨਸਾਨੀਅਤ ਹੀ ਭੁੱਲ ਗਏ ਹੋ,
ਉਹਦੇ ਸਰੀਰ ਦੀ ਦੁਰਗਤੀ ਤੱਕ ਕਰ ਗਏ ।
ਉਸ ਨੂੰ ਇਨ੍ਹੀ ਬੇਰਹਿਮੀ ਨਾਲ ਖਸੀਟਦੇ ਹੋਏ
ਉਥੋਂ ਲੈ ਗਏ ।
ਐ! ਇਨਸਾਨੀਅਤ ਦੇ ਪੈਗੰਬਰੋ ਤੁਹਾਨੂੰ ਰੱਤਾ ਵੀ
ਤਰਸ ਨਹੀਂ ਆਇਆ,
ਤੁਹਾਡਾ ਦਿਲ ਨਹੀਂ ਰੋਇਆ
ਕਿ ਘੱਟ ਤੋਂ ਘੱਟ ਜਿਉਂਦੇ ਜੀਅ ਨਹੀਂ
ਮੋਈ ਨੂੰ ਤਾਂ ਇੱਜ਼ਤ ਦੇ ਦਿੰਦੇ।
ਕੀ ਹੋਇਆ ਜੇ ਉਹ ਮਿੱਟੀ ਹੀ ਸੀ ।
ਘੱਟੋ ਘੱਟ ਉਸਨੂੰ ਪੈਰੀ ਤਾਂ ਨਾ ਰੋਲ਼ਦੇ।
ਆਪਣੇ ਜਿਸਮ ਦੀ ਨੁਮਾਇਸ਼
ਕਰਨਾ, ਸਟੇਜੀ ਨੱਚਣਾ ਉਹਦਾ
ਕੋਈ ਸ਼ੌਕ ਤਾਂ ਨਹੀਂ ਸੀ।
ਕਿੰਨੀਆਂ ਜ਼ਿੰਦਾਂ ਨੂੰ ਪਾਲਣ ਦੀਆਂ ਜ਼ਿੰਮੇਵਾਰੀਆਂ
ਉਹਦੇ ਨਾਲ ਜੁੜੀਆਂ ਹੋਣਗੀਆਂ
ਇੱਕ ਤਾਂ ਅੱਜ ਇਸ ਜਾਲਮ ਸੰਸਾਰ
ਨੂੰ ਬਿਨਾਂ ਦੇਖਿਆ ਹੀ ਤੁਰ ਗਿਆ ।
ਕਿ ਉਸ ਨੂੰ ਇਸ ਜਹਾਨ 'ਚ ਸਾਹ
ਲੈਣ ਦਾ ਕੋਈ ਹੱਕ ਨਹੀਂ ਸੀ।
ਚਲੋ ਜੋ ਹੋਇਆ ਇਕ ਪਾਸੇ ਰਹਿਣ ਦਿਉ।
ਬਸ ਇਕ ਇਨਸਾਨੀਅਤ ਦਾ ਫ਼ਰਜ਼ ਤਾਂ ਅਦਾ ਕਰ ਦਿੰਦੇ,
ਕੋਈ ਚਿੱਟੇ ਕੱਪੜੇ ਨਾਲ ਤਾਂ ਉਸਨੂੰ ਢੱਕ ਦਿੰਦੇ।
ਫਿਰ ਕੋਈ ਸ਼ਿਕਵਾ ਜਾ ਗਿਲਾ ਨਾ ਹੁੰਦਾ
ਮਗਰ!
ਤੁਸੀਂ ਤਾ ਅਖੌਤੀ ਇਨਸਾਨੀਅਤ ਦਾ ਮਖੌਟਾ
ਪਾ ਕੇ ਚੁੱਪ ਚਾਪ ਖੜ੍ਹੇ ਬਸ ਤਮਾਸ਼ਾ ਦੇਖ ਰਹੇ ਸੀ ।
ਕਿਸੇ ਨੂੰ ਵਿਆਹ ਦਾ ਫ਼ਿਕਰ ,
ਕਿਸੇ ਨੂੰ ਆਪਣੇ ਭਾਈ ਬਚਾਉਣ ਦਾ ਫ਼ਿਕਰ

ਕਿਸੇ ਨੂੰ ਬਦਨਾਮੀ ਦਾ।
ਮਗਰ!
ਕਿਸੇ ਨੇ ਉਸ ਲੜਕੀ ਬਾਰੇ ਨਹੀਂ ਸੋਚਿਆ ।
ਹਾਂ! ਅੱਜ ਪੂਜਾ ਮਰ ਗਈ
ਇਕ ਇਨਸਾਨੀ ਵਹਿਸ਼ੀਅਤ ਦੀ ਬਲੀ ਚੜ੍ਹ ਗਈ
ਜੇ ਸੋਚ ਨਾ ਬਦਲੀ,
ਫੋਕੀ ਸ਼ੌਹਰਤ ਨਾ ਬਦਲੀ,
ਤਾਂ ਪੂਜਾ ਏਦਾਂ ਹੀ ਮਰਦੀ ਰਹੇਗੀ ।
ਇਨਸਾਨੀਅਤ ਦੀ ਮਾੜੀ ਸੋਚ ਦੀ ਬਲੀ
ਚੜ੍ਹਦੀ ਹੀ ਰਹੇਗੀ
ਚੜ੍ਹਦੀ ਹੀ ਰਹੇਗੀ।

# ਅੱਖਰਾਂ ਦੀ ਮਾਲ਼ਾ

ਅੱਖਰ ਮੈਂ
ਜੋ ਪਲਾਂ ਨੂੰ ਹੰਢਾ ਕੇ,
ਮਹਿਸੂਸ ਕੀਤਾ ਕਰੀਬ ਆ ਕੇ,
ਇੱਕ ਇੱਕ ਮੋਤੀ ਦੇ ਪਰੋਣ ਦੀ ਕਲਾ,
ਜਦ ਤਿਆਰ ਹੋਈ ਇੱਕ ਮਾਲ਼ਾ।
ਰਲ਼ ਕੇ ਸਾਰੇ ਅੱਖਰ
ਮੈਨੂੰ ਹੀ ਅੱਜ ਪੁੱਛਦੇ ਨੇ
ਤੇਰੇ ਜਾਣ ਤੋਂ ਬਾਅਦ
ਸਾਨੂੰ ਕੌਣ ਪਰੋਏਗੀ
ਜਾਂ ਇਸ ਪਰੋਈ ਹੋਈ
ਮਾਲ਼ਾ ਇੱਕ ਡੱਬੀ ਵਿਚ
ਬੰਦ ਹੋ ਕੇ ਰਹਿ ਜਾਵੇਗੀ
ਕਿਤੇ ਉਸ ਡੱਬੀ ਨੂੰ ਖੋਲ੍ਹਣ ਵਾਲਾ
ਵੀ ਕੋਈ ਹੋਵੇਗਾ।
ਜਾਂ ਫਿਰ ਹਮੇਸ਼ਾ ਲਈ
ਧੂੜ ਮਿੱਟੀ ਦੀ ਦਾਬ 'ਚ ਰਹੇਗੀ।
ਇਹ ਸੁਣ ਮੈਂ ਵੀ ਹੈਰਾਨ ਤੇ ਪਰੇਸ਼ਾਨ ਸੀ।
ਮੇਰੇ ਕੋਲ ਵੀ ਕੋਈ ਜਵਾਬ ਨਾ,
ਤੇ ਹੁਣ ਚੁੱਪ ਚਾਪ ਮੈਂ ਸੋਚਦੀ ਰਹੀਂ।

# ਕਵਿਤਾ ਜਿਹੇ

ਐ ਕਵਿਤਾ ਜਿਹੇ
ਤੈਨੂੰ ਲੱਭਦੀ
ਮੈਂ ਥੱਕੀ ਨਹੀਂ ਹਾਂ
ਤੂੰ ਸ਼ਾਮਿਲ ਹੈ
ਮੇਰੀ ਕਵਿਤਾ ਦੀ
ਵਾਹ ਵਾਹ ਦੀ ਆਵਾਜ਼ 'ਚ
ਮੈਨੂੰ ਪਤਾ ਹੈ ਤੂੰ
ਉਹ ਵੀ ਸੁਣ ਸਕਦਾ ਹੈ
ਜੋ ਅਜੇ ਤੱਕ ਮੈਂ ਕਿਹਾ ਨਹੀਂ
ਤੂੰ ਉਹ ਵੀ ਦੇਖ ਸਕਦਾ ਹੈ
ਜੋ ਅਜੇ ਤੱਕ
ਮੈਂ ਲਿਖਿਆ ਨਹੀਂ
ਪਰ ਤੂੰ ਮੇਰੀਆਂ ਸੁੰਨੀਆਂ ਰਾਹਾਂ 'ਤੇ
ਮੇਰੇ ਨਾਲ ਚੱਲੀ
ਤੂੰ ਜੋ ਵੀ ਲਿਖਵਾਉਣਾ ਚਾਹੇ
ਉਹ ਲਿਖਵਾ ਲਵੀਂ
ਕਿਉਂਕਿ ਮੈਂ ਕਲਮ ਦੀ ਗ਼ੁਲਾਮ ਹਾਂ
ਤੇ ਕਲਮ ਤੇਰੀ,
ਇੱਕ ਅਣਕਹੀ ਗੱਲ 'ਚ
ਉਮਰਾਂ ਦੀ ਗੱਲ ਕਹਿਣ ਵਾਲਿਆਂ
ਤੂੰ ਮੈਨੂੰ ਕਵਿਤਾ ਸਿਖਾਉਣ ਵਾਲਿਆਂ
ਤੂੰ ਕਵਿਤਾ ਜਿਹਿਆ
ਕਿਤੇ ਤੂੰ ਕਵਿਤਾ ਤਾਂ ਨਹੀਂ ?

# ਅਣਮੁੱਕੀ ਉਡੀਕ

ਸੁਣ ਰੱਬਾ
ਤੇਰੇ ਹੱਥ ਵਸ
ਮੇਰੇ ਸਾਹਾਂ ਦੀ ਡੋਰ
ਕੋਲ ਬੈਠ ਜ਼ਰਾ
ਥੋੜ੍ਹਾ ਕਰ ਲੈ
ਹਿਸਾਬ ਕਿਤਾਬ
ਕਿੰਨੇ ਰਹਿ ਗਏ
ਮੇਰੇ ਸਾਹ
ਤੇ ਦੱਸ ਕਿੰਨੇ ਲੱਗਣੇ
ਨੇ ਕਿਸੇ ਲੇਖੇ ਹੋਰ
ਮੇਰੀ ਰੂਹ ਦੇ ਕਿਸੇ
ਕੋਨੇ ਵਿੱਚ ਦੱਬੀ
ਪਈ ਏ ਇਕ
ਉਡੀਕ !
ਕੀ ਕਦੀ ਉਸ
ਉਡੀਕ ਨੂੰ ਕੋਈ
ਰਾਹ ਮਿਲੇਗਾ ?
ਜਾਂ ਫਿਰ ਹਮੇਸ਼ਾ
ਇਕ ਅਣਮੁੱਕੀ
ਉਡੀਕ ਬਣ
ਰਹਿ
ਜਾਏਗੀ।

## ਵਾਅਦਾ

ਇਕ ਦਿਨ ਉੱਜਲੀ ਸਵੇਰ 'ਚ
ਜਦੋਂ ਤੈਨੂੰ ਦੇਖਿਆ ਮੈਂ
ਪਹਿਲੀ ਵਾਰ
ਇੰਝ ਲੱਗਾ ਜਿਵੇਂ ਲੱਖਾਂ
ਹਨ੍ਹੇਰਿਆਂ ਵਿਚੋਂ ਚਮਕਦੇ ਇਕ
ਵੱਡੇ ਤਾਰੇ ਵਾਂਗੂ ਤੂੰ ਨਜ਼ਰ ਆਇਆ
ਮੈਂ ਉਸੇ ਦਿਨ ਤੋਂ ਤੇਰੇ ਬਾਰੇ
ਸੋਚ ਕੇ ਇੱਕ ਫੈਸਲਾ ਕੀਤਾ
ਬਹੁਤ ਹੀ ਪਿਆਰਾ ਇਕ ਵਾਅਦਾ
ਤੇਰੇ ਨਾਮ ਲਿਖ ਦਿੱਤਾ
ਜਿਸ 'ਚ ਮੇਰੀ ਜ਼ਿੰਦਗੀ ਦਾ
ਇੱਕ ਇੱਕ ਸਾਹ ਮੇਰੀ ਹਰ ਚਾਹ
ਮੇਰੀ ਖ਼ੁਸ਼ੀ, ਗ਼ਮੀ ਮੇਰਾ ਸਾਰਾ ਕੁੱਝ
ਤੇਰੇ ਨਾਮ ਕਰ ਚੁੱਕੀ ਹਾਂ।
ਇਸ ਵਾਅਦੇ ਨੂੰ ਮੈਂ ਇੱਕਲੀ ਨਹੀਂ
ਨਿਭਾਉਣਾ ਚਾਹੁੰਦੀ ।
ਤੂੰ ਬਸ ਮੇਰੇ ਨਾਲ ਚੱਲੀ
ਮੈਨੂੰ ਤੇਰਾ ਸਾਥ
ਅਣਗਿਣਤ ਉੱਚੀਆਂ ਪਹਾੜਾਂ ਦੀਆਂ
ਚੋਟੀਆਂ ਵਰਗੀਆਂ ਦੁੱਖ ਤਕਲੀਫਾਂ ਤੋਂ ਨਿਜ਼ਾਤ
ਦਿਵਾਉਂਦਾ ਹੈ ਤੇ ਇਕ ਵੱਖਰਾ ਜਿਹਾ
ਸੰਤੋਸ਼ ਦਿੰਦਾ ਹੈ ਜੋ ਅਜੇ ਤੱਕ
ਦੁਨੀਆਂ ਦੀ ਕਿਸੇ ਵੀ ਚੀਜ਼ ਤੋਂ ਨਹੀਂ ਲੱਭਿਆ
ਤੇਰੇ ਇਸ ਨਿੱਘੇ ਸਾਥ ਦੇ ਸਾਹਮਣੇ
ਦੁਨੀਆਂ ਦੀ ਹਰ ਸ਼ੈਅ ਫਿੱਕੀ ਜਾਪਦੀ ਹੈਂ
ਤੂੰ ਹੈਂ ਤਾਂ ਜ਼ਿੰਦਗੀ, ਜ਼ਿੰਦਗੀ ਹੈ

ਤੂੰ ਨਹੀਂ ਤਾਂ ਜ਼ਿੰਦਗੀ ਸ਼ਮਸ਼ਾਨ ਹੈ।
ਐ ਦੋਸਤ!
ਤੇਰੇ ਨਾਲ ਕੀਤੇ ਇਸ ਵਾਅਦੇ
ਨੂੰ ਮੈਂ ਨਿਭਾਵਾਂਗੀ ਤੇ ਸਮਾਂ ਆਉਣ 'ਤੇ
ਦਿਖਾਵਾਂਗੀ ਜ਼ਰੂਰ ਕਿ ਤੂੰ ਮੇਰੀ ਜ਼ਿੰਦਗੀ
ਵਿੱਚ ਕੀ ਜਗ੍ਹਾ ਰੱਖਦਾ ਹੈਂ।

# ਆਪਣਾ ਘਰ

ਇਹ ਆਪਣਾ ਘਰ ਉਦੋਂ ਤੱਕ
ਆਪਣਾ ਲੱਗਦਾ ਹੈ।
ਜਦੋਂ ਤੱਕ ਤੂੰ ਤੇ ਮੈਂ ਇਸ ਘਰ ਵਿੱਚ ਹੁੰਦੇ ਹਾਂ।
ਉੱਠਦੇ, ਬਹਿੰਦੇ ਗੱਲਾਂ ਕਰਦੇ ਹਾਂ।
ਜਦੋਂ ਤੂੰ ਚਲਾ ਜਾਂਦਾ ਹੈ,
ਤਾਂ ਇਹ ਘਰ ਇਕ ਵੀਰਾਨ
ਜਗ੍ਹਾਂ 'ਚ ਤਬਦੀਲ ਹੋ ਕੇ ਰਹਿ ਜਾਂਦਾ ਹੈ।
ਫਿਰ ਜਿਵੇਂ ਇੰਤਜ਼ਾਰ ਕਰਨ ਦਾ ਕੰਮ
ਇਸ ਘਰ ਦੀਆਂ ਕੰਧਾਂ ਦਾ ਵੀ ਮੇਰੇ ਨਾਲ
ਹੋ ਜਾਂਦਾ ਹੈ।
ਤੇਰਾ ਮਿਲਣਾ ਪਲ ਦੋ ਪਲ ਦਾ
ਹਮੇਸ਼ਾ ਸਮੇਂ ਦੀ ਮਿਹਰਬਾਨੀ
ਜਾਂ ......
ਸ਼ਰਾਰਤ ਲੱਗਦੀ ਹੁੰਦੀ ਹੈ।
ਚਲੋਂ ਕੁੱਝ ਵੀ ਹੋਵੇ ਸਮਾਂ ਸਹੀ
ਹੀ ਚੱਲਦਾ ਰਹੇ ਕਿਉਂਕਿ
ਇਕ ਸਮਾਂ ਹੀ ਹੁੰਦਾ ਹੈ
ਜੋ ਬਹੁਤ ਕੁੱਝ ਲੈ ਜਾਂਦਾ ਹੈ
ਤੇ ਬਹੁਤ ਕੁੱਝ ਦੇ ਜਾਂਦਾ ਹੈ
ਚੰਗੀਆਂ ਤੇ ਬੁਰੀਆਂ
ਯਾਦਾਂ!

## ਹੂ ਬ ਹੂ

ਨਾ ਹੂ ਬ ਹੂ
ਤੈਨੂੰ ਮੈਂ ਲਿਖਿਆ।
ਨਾ ਲਿਖ ਸਕਦੀ ਹਾਂ।
ਤੂੰ ਰੱਬ ਦਾ ਰੂਪ
ਸਾਹਮਣੇ ਮੇਰੇ,
ਬਸ ਤੇਰੀ
ਪੂਜਾ ਕਰ ਸਕਦੀ ਹਾਂ
ਅਨਮੋਲ, ਬੇਅੰਤ,
ਪਿਆਰਾ ਤੂੰ
ਮੈਂ ਮਹਿਜ਼ ਕਿਨਾਰਾ ਕੋਈ
ਵਿਸ਼ਾਲ ਸਾਗਰ ਤੂੰ
ਜੋ ਆਪਣੇ ਅੰਦਰ
ਖੋਰ ਲੈਂਦਾ
ਸਭ ਕੁੱਝ
ਮੈਂ ਤੇਰੇ ਨਾਲ
ਵਹਿ ਸਕਦੀ ਹਾਂ
ਲਹਿਰ ਹੋ ਸਕਦੀ ਹਾਂ
ਤੇਰੇ ਇਕ
ਇਸ਼ਾਰੇ ਦੀ ਉਡੀਕ 'ਚ
ਨਾ ਹੂ ਬ ਹੂ
ਤੈਨੂੰ ਮੈਂ ਲਿਖਿਆ
ਨਾ ਲਿਖ ਸਕਦੀ ਹਾਂ

# ਮੈਂ ਤੇ ਬੋਹੜ

ਮੈਂ ਉਮਰ ਹੰਢਾਉਂਦੇ ਹੋਏ
ਹੌਲੀ ਹੌਲੀ ਬੋਹੜ ਬਣ ਜਾਣਾ
ਪਹਿਲਾਂ ਇਸ ਦੇ ਨੀਚੇ
ਪੰਚਾਇਤਾਂ ਲੱਗਦੀਆਂ ਹੁੰਦੀਆਂ ਸੀ,
ਇਨ੍ਹਾਂ ਦੇ ਤਣਿਆਂ ਤੇ ਰੱਸੀ ਕੱਸ ਕੇ
ਕੁੜੀਆਂ ਪੀਂਘਾਂ ਝੂਟਦੀਆਂ ਸੀ
ਤੇ ਪਿੰਡ ਦੇ ਵਿਹਲੜ ਹੇਠਾਂ ਬੈਠ
ਤਾਸ਼ ਦੇ ਮਜ਼ੇ ਲੈਂਦੇ ਸੀ
ਹੁਣ ਜ਼ਮਾਨਾ ਬਦਲ ਗਿਆ
ਨਾ ਤਾਂ ਪੰਚਾਇਤਾਂ ਦੀਆਂ ਕਚਹਿਰੀਆਂ
ਨਾ ਤੀਆਂ 'ਚ ਪੀਂਘਾਂ ਝੂਟਦੀਆਂ ਕੁੜੀਆਂ
ਤੇ ਨਾ ਹੀ ਹੁਣ ਤਾਸ਼ ਦੀਆਂ ਖੇਡਾਂ
ਹੁਣ ਤਾਂ ਬੋਹੜ ਵੀ ਖੜ੍ਹਾ ਖੜ੍ਹਾ ਬੁੱਢਾ ਹੋ ਗਿਆ
ਇਸ ਦੀ ਦਾੜ੍ਹੀ ਨੂੰ ਜ਼ਰਾ ਜਿਹਾ ਖਿੱਚੋ
ਇਹ ਝੱਟ ਟੁੱਟ ਜਾਂਦੀ ਏ
ਇਹ ਵੀ ਮੇਰੀ ਤਰ੍ਹਾਂ ਕਮਜ਼ੋਰ ਹੋ ਗਿਆ
ਤੇ ਮੈਂ ਵੀ ਸਮੇਂ ਨਾਲ ਕਮਜ਼ੋਰ ਹੋ ਜਾਣਾ ਏ
ਨਾਲ ਹੀ ਇੱਕ ਕੋਨੇ 'ਚ ਲੱਗ ਬਹਿਣਾ ਏ
ਮੇਰਾ ਵਜੂਦ ਵੀ ਬੱਸ ਕਿਸੇ ਵਸਤੂ ਦੀ
ਤਰ੍ਹਾਂ ਹੋ ਜਾਵੇਗਾ।
ਜੋ ਘਰ ਵਿੱਚ ਤਾਂ ਹੋਵੇਗੀ ਪਰ ਨਜ਼ਰ ਕਿਸੇ
ਨੂੰ ਨਹੀਂ ਆਵੇਗੀ।
ਬੁੱਢੀ ਉਮਰੇ ਬੈਠ ਕੋਨੇ ਪਈ
ਹੁਣ ਸੋਚਾਂ
ਕਾਸ਼!

ਫਿਰ ਜੀ ਲਵਾਂ ਮੁੜ ਆਪਣਾ ਬਚਪਨ
ਮੁੜ ਉਹੀ ਹਾਸਿਆਂ ਨਾਲ ਹੱਸਾਂ,
ਉਹੀ ਖੇਡਾ ਖੇਡਾਂ,
ਨਾਲ ਹੀ ਬੋਹੜ ਦੇ ਹੇਠਾਂ
ਮੇਲੇ ਜਿਹੇ ਲੱਗ ਜਾਣ
ਬੱਚੇ, ਕੁੜੀਆਂ ਤੇ ਨੌਜਵਾਨਾਂ ਨੂੰ ਹੱਸਦੇ ਹੋਏ
ਵੇਖ ਕੇ ਮੈਂ ਵੀ ਝੂੰਮਾਂ ਨੱਚਾਂ ਗਾਵਾਂ।
ਜ਼ਿੰਦਗੀ ਦੀ ਹਰ ਖ਼ੁਸ਼ੀ ਨੂੰ ਜੀ ਜਾਵਾਂ।

## ਕਾਗਜ਼ ਕਲਮ

ਜਦ ਕਦੇ ਵੀ ਕਾਗਜ਼ ਕਲਮ
ਮੈਂ ਚੁੱਕਦੀ ਹਾਂ।
ਆਪਣੀ ਕਲਮ ਨੂੰ ਰੰਗਾਂ ਵਿੱਚ
ਡੋਬ ਕੇ, ਅੱਖਰਾਂ ਨਾਲ
ਤੇਰੀ ਤਸਵੀਰ ਬਣਾਉਣ ਦੀ
ਕੋਸ਼ਿਸ਼ ਕਰ ਲੈਂਦੀ ਹਾਂ।
ਇੱਕ ਇੱਕ ਅੱਖਰ ਤੇਰੇ
ਸਿਰ ਤੋਂ ਵਾਰ ਕੇ ਮੈਂ
ਕਾਗਜ਼ ਦੀ ਝੋਲੀ ਪਾ ਦਿੰਦੀ ਹਾਂ।
ਪਲਾਂ ਨੂੰ ਯਾਦ ਜਿਹਾ ਕਰ ਕੇ
ਕਵਿਤਾ ਬਣਾ ਦਿੰਦੀ ਹਾਂ।
ਕੋਸ਼ਿਸ਼ ਮੇਰੀ ਸ਼ਿੱਦਤ ਨਾਲ
ਲਿਖਿਆ ਅੱਖਰ ਤੈਨੂੰ ਸੋਹਣਾ ਲੱਗੇ।
ਇਹੋ ਦੁਆਵਾਂ ਮੈਂ ਮੰਗਦੀ ਰਹਿੰਦੀ ਹਾਂ,
ਅੱਖਰ ਜੋ ਮੇਰੇ ਨਾਲ ਗੱਲਾਂ ਕਰਦੇ ਨੇ
ਅੱਜ ਮੈਨੂੰ ਹੀ ਪੁੱਛਦੇ ਨੇ
ਕੀ ਕਿਹੋ ਜਿਹਾ ਹੈ ?
ਜਿਸ ਨੂੰ ਤੂੰ ਲਿਖਣਾ ਚਾਹੁੰਦੀ ਹੈ।
ਅਸੀਂ ਤੇਰੀ ਸਾਰੇ ਹੀ ਮਦਦ ਕਰਾਂਗੇ।
ਤੂੰ ਦੱਸ ਤਾਂ ਸਹੀ .....
ਮੈਂ ਸ਼ਰਮਾਉਂਦੀ ਹਾਂ
ਝੂਠਾ ਜਿਹਾ ਹੱਸ ਕੇ
ਟਾਲ ਦਿੰਦੀ ਹਾਂ।
ਤਾਹੀਉਂ ਤਾਂ ਮੈਂ
ਤੈਨੂੰ ਅੱਜੇ ਤੱਕ ਉਤਾਰ ਨਹੀਂ ਪਾਈ
ਕਾਗਜ਼ ਤੇ.....।

# ਸਭ ਝੂਠ ਸਮਝੇਗਾ

ਤੂੰ ਸਮਝੇਗਾ ਝੂਠ
ਇਸ ਲਈ ਮੈਂ
ਚੁੱਪ ਵੱਟ ਲੈਂਦੀ ਹਾਂ
ਪਰ ਚੁੱਪ ਵੀ ਕਿਵੇਂ ਰਹਾਂ
ਕਹੇ ਬਿਨ੍ਹਾਂ ਰਿਹਾ ਵੀ ਤਾਂ ਨਹੀਂ ਜਾਂਦਾ
ਮੈਂ ਤੇਰੇ ਕੋਲ ਆ ਕੇ ਜੀ ਉੱਠਦੀ ਹਾਂ
ਤੇ ਬਿਨ੍ਹਾਂ ਤੇਰੇ ਮਰ ਮੁੱਕ ਜਾਂਦੀ ਹਾਂ
ਤੂੰ ਸਮਝੇ ਗਾ ਝੂਠ
ਪਰ ਮੈਂ ਚੁੱਪ ਵੱਟ ਲੈਂਦੀ ਹਾਂ।

ਤੇਰੇ ਪੈਰਾਂ ਦੀ ਖੜਾਕ ਸੁਣ
ਮੇਰੇ ਮਨ 'ਚ ਖ਼ੁਸ਼ੀ ਦੀ ਲਹਿਰ
ਉੱਠ ਜਾਂਦੀ ਹੈ।
ਤੇਰੇ ਇਸ ਸਾਥ ਨਾਲ ਮੈਂ
ਮਹਾਂਸਾਗਰ ਤਰ ਲੈਂਦੀ ਹਾਂ
ਤੂੰ ਸਮਝੇਗਾ ਝੂਠ
ਪਰ .........ਵੱਟ ਲੈਂਦੀ ਹਾਂ।

ਤੇਰੇ ਆਉਣ ਦੀ ਖ਼ੁਸ਼ੀ 'ਚ
ਹਰ ਚੀਜ਼ ਮਹਿਕ ਜਾਂਦੀ ਹੈ
ਕਈ ਵਾਰ ਇਹ ਖ਼ੁਸ਼ੀ
ਮੈਥੋਂ ਸਾਂਭ ਨਾ ਹੁੰਦੀ ਹੈ
ਮੈਂ ਝੱਲੀ ਜਿਹੀ ਹੋ ਜਾਂਦੀ ਹਾਂ
ਤੂੰ ਸਮਝੇਗਾ ਝੂਠ
ਪਰ .........ਵੱਟ ਲੈਂਦੀ ਹਾਂ।

ਜਦ ਤੂੰ ਮੈਨੂੰ ਛੱਡ ਕੇ ਜਾਵੇ
ਮੈਂ ਆਪਣੀ ਮੌਤ ਨੂੰ ਹੰਢਾਉਂਦੀ ਹਾਂ
ਰੋਂਦੀ ਹਾਂ ਬਿਲਕਦੀ ਹਾਂ
ਮੇਰਾ ਦੁੱਖ ਨਾ ਕੋਈ ਸਮਝ ਪਾਉਂਦਾ ਹੈ
ਤੂੰ ਸਮਝੇਗਾ ਝੂਠ
ਪਰ. . . . . . . ਵੱਟ ਲੈਂਦੀ ਹਾਂ।

ਤੇਰੇ ਨਾਲ ਦੇਖੇ ਸੁਪਨੇ
ਪੂਰੇ ਕਰਨ ਦੀ ਚਾਹ ਨੂੰ
ਮੈਂ ਰੋਕ ਦਿੰਦੀ ਹਾਂ
ਮੈਂ ਡਰ ਜਾਂਦੀ ਹਾਂ
ਲੋਕਾਂ ਦੀਆਂ ਤੋਹਮਤਾਂ ਤੋਂ
ਪਰ ਤੇਰੇ ਨਾਲ ਵਫ਼ਾ ਮੈਂ ਕਰਦੀ ਹਾਂ
ਤੇਰੇ ਸਾਥ ਦੀ ਚਾਹ ਹਮੇਸ਼ਾ ਰੱਖਦੀ ਹਾਂ
ਤੂੰ ਸਮਝੇਗਾ ਝੂਠ
ਪਰ. . . . . . . ਵੱਟ ਲੈਂਦੀ ਹਾਂ।

## ਰਮਜ਼ 1

ਤੇਰਾ ਅਹਿਸਾਨ
ਕਿੰਨਾ ਹੈ ਮੇਰੇ ਤੇ
ਮੈਂ ਨਿਭਾ ਪਾਵਾਂਗੀ ?
ਪਿਆਰ ਤੇਰਾ
ਮੈਂ ਵੰਡਾ ਪਾਵਾਂਗੀ ?
ਦੁੱਖ ਦਰਦ ਤੇਰਾ
ਮੈਂ ਸਾਥ ਦੇ ਪਾਵਾਂਗੀ ?
ਜ਼ਿੰਦਗੀ 'ਚ ਨਾਲ
ਚੱਲਣ ਲਈ ਤੇਰਾ
ਸਮਾਂ ਬਹੁਤ ਹੀ ਬਲਵਾਨ ਹੈ,
ਕਿਉਂ ਨਾ ਆਪਾਂ ਸਮੇਂ ਅੱਗੇ ਹੀ
ਅਰਦਾਸ ਕਰੀਏ,
ਕਿ ਕਿਸੇ ਨਾ ਕਿਸੇ ਮੋੜ 'ਤੇ
ਸਾਡੇ ਰਸਤੇ ਇੱਕ
ਹੋ ਜਾਣ......

## ਰਮਜ਼ 2

ਅੱਜ ਦਿਨ
ਤੇਰੇ ਰੰਗ ਵਰਗਾ
ਚੜ੍ਹ ਹੀ ਗਿਆ
ਇਸ ਦਿਨ 'ਚ
ਤੇਰੇ ਪਿਆਰ ਦੀ
ਝਨਕਾਰ।
ਤੇ ਕਈ ਰੰਗਾਂ ਦੀ
ਖੁਸ਼ਬੂ ਨਾਲ ਭਰਿਆ
ਮੇਰਾ ਅਸਮਾਨ।....

## ਰਮਜ਼ 3

ਸੂਝਵਾਨ
ਆਦਮੀ ਨੂੰ
ਲੋੜ ਨਹੀਂ ਪੈਂਦੀ
ਜਿਆਦਾ ਸਮਝਾਉਣ ਦੀ
ਮਗਰ ਇਹ ਕੀ
ਸੋਚ ਨੂੰ ਵੀ
ਸੋਚਣ ਦੀ ਲੋੜ
ਪੈ ਗਈ
ਫਿਰ ਵੀ ਕੁੱਝ
ਸਮਝ ਨਾ ਪਾਇਆ
ਕੁੱਝ ਵੀ ਮੇਰੇ
ਤੇ ਮੇਰੇ ਖਿਆਲ
ਬਾਰੇ।......

## ਰਮਜ਼ 4

ਮੇਰੇ ਅੰਦਰ ਜੋ
ਰੌਸ਼ਨ ਕਰਨ ਦੀ
ਅਦਾ ਹੈ।
ਉਹ ਤੂੰ ਹੀ ਤਾਂ ਹੈ।
ਜਦ ਕਦੇ ਤੂੰ ਭਾਲ਼ੇਗਾ
ਤਾਂ ਅੰਦਰੋਂ ਹੀ
ਮਿਲ ਸਕਦੀ ਹਾਂ।
ਬਾਹਰੋਂ ਕਿਤੋਂ ਵੀ ਨਹੀਂ।...

## ਰਮਜ਼ 5

ਤੇਰੇ ਮੇਰੇ ਅੰਤਰਾਲ
ਜੋ ਸਾਹ ਲੈ
ਰਿਹਾ ਹੈ
ਉਸ ਨੂੰ ਜਿਉਂਦਾ
ਰੱਖਣ ਲਈ
ਕਾਫ਼ੀ ਕੁੱਝ ਚਾਹੀਦਾ ਹੈ।
ਸਮਾਂ, ਬਲੀਦਾਨ
ਸੰਭਾਵਨਾ
ਫਿਰ ਵਾਪਰਦੀ ਹੈ
ਪੱਥਰਾਂ 'ਚ ਘਾਹ ਆਪੇ
ਫੁੱਟ ਪੈਂਦਾ ਏ।
ਬਸ! ਮੇਰੇ ਤੇਰੇ
ਅੰਦਰ ਇਕ ਖਿੱਚ
ਚਾਹੀਦੀ ਹੈ।
ਫਿਰ ਜੋ ਵਾਪਰਦਾ ਹੈ,
ਉਹ ਕਮਾਲ
ਤੇ ਬਾ-ਕਮਾਲ
ਹੁੰਦਾ ਏ। ......

## ਰਮਜ਼ 6

ਅੱਜ ਕੱਲ੍ਹ ਪੂਰੀ ਧਰਤੀ
ਆਪਣੇ ਸਿਰ ਉੱਤੇ
ਚੁੱਕੀ ਖੜ੍ਹੀ ਹਾਂ
ਤੇ ਘੁੰਮੀ ਜਾਂ ਰਹੀ ਹਾਂ
ਨਿਰੰਤਰ, ਲਗਾਤਾਰ
ਤੇਰੇ ਇੰਤਜ਼ਾਰ 'ਚ
ਕੀ ਕਦੋਂ ਤੂੰ ਮੈਨੂੰ
ਇਸ ਭਾਰ ਤੋਂ
ਮੁਕਤ ਕਰੇਗਾ?
ਤੇ ਮੈਨੂੰ ਇੱਕ
ਸੋਹਣਾ ਸਿਰਜਿਆ
ਮਖ਼ਮਲੀ
ਪਲੰਗ ਤੇ
ਅਰਾਮ ਕਰਨ
ਲਈ ਆਪਣੀਆਂ
ਬਾਂਹਾਂ ਦਾ ਸਹਾਰਾ ਦੇਵੇਗਾ
ਹਮੇਸ਼ਾਂ ਲਈ
ਤਾਂ ਜੋ ਇਹ
ਜਨਮਾਂ-ਜਨਮਾਂ
ਦਾ ਇੰਤਜ਼ਾਰ
ਖ਼ਤਮ ਹੋ ਸਕੇ।.....

## ਰਮਜ਼ 7

ਰੂਹ ਦੀ ਪਿਆਸ
ਬੁਝਾ ਦਿੱਤੀ ਤੇਰੇ
ਕਹੇ ਦੋ ਬੋਲਾਂ ਨੇ
ਤੈਨੂੰ ਪਿਆਰ ਕਰਦੀ ਹਾਂ।
ਤੂੰ ਅੰਬਰੋਂ ਡਿਗਦੀ
ਝੀਲ ਜਾਂ ਝਰਨਾ ਤਾਂ ਨਹੀਂ,
ਜੋ ਰੂਹ ਦੇ ਵਿਕਾਰਾਂ ਨੂੰ ਧੋ ਦਿੰਦੀ ਹੈ।
ਤੇਰਾ ਨਾਮ
ਸੁਣ ਕੇ ਹੀ ਤਸੱਲੀ ਮਨ ਨੂੰ ਹੋ ਜਾਂਦੀ ਹੈ।
ਰੂਹ ਨੂੰ ਸਾਰ ਸਾਰ ਕਰਨ ਦੀ ਅਦਾ
ਕਿਧਰੇ ਤੇਰਾ ਦਿਲਾਸਾ ਤਾਂ ਨਹੀਂ,
ਤੂੰ ਮੇਰੇ ਲਈ
ਕੀਤੀ ਹੋਈ ਕੋਈ ਦੁਆ ਤਾਂ ਨਹੀਂ,
ਚੰਨ ਨੂੰ ਪਾਉਣ ਦੀ ਕੋਈ
ਕੋਸ਼ਿਸ਼ ਤਾਂ ਨਹੀਂ,
ਜਾਂ ਫਿਰ ਪਿਛਲੇ ਜਨਮ ਦਾ
ਖੱਟਿਆ ਹੋਇਆ ਪੁੰਨ ?......

## ਗੂੰਗੇ ਬੋਲ

ਤੈਨੂੰ ਕੁੱਝ ਕਹਿੰਦੇ ਕਹਿੰਦੇ
ਮੇਰੇ ਬੁੱਲ ਆਪ ਹੀ
ਚੁੱਪੀ ਦਾ ਇੱਕ ਪਰਦਾ
ਤੇਰੇ ਤੋਂ ਕਰ ਲੈਂਦੇ ਨੇ।
ਬੋਲ ਜੋ ਪਹਿਰਣ ਹੈ
ਅੱਖਰਾਂ ਦਾ,
ਕਈ ਵਾਰ ਪਤਾ ਨਹੀਂ ਮੈਨੂੰ
ਕਿਉਂ ਨਹੀਂ ਜੱਚਦਾ
ਤਾਂ ਹੀ ਤਾਂ ਅੱਖਰਾਂ ਨੂੰ ਬੋਲਾਂ
ਦੇ ਪਹਿਰਣ ਪਹਿਨਾਉਣ ਤੋਂ ਬਿਨ੍ਹਾਂ
ਕੁੱਝ ਕਿਹਾ ਨਹੀਂ ਜਾ ਸਕਦਾ।
ਮੈਂ ਤਾਂ ਇਹ ਕਹਾਂਗੀ
ਹੁਣ ਤੂੰ ਵੀ ਸਿੱਖ ਲੈ
ਗੂੰਗੇ ਬੋਲਾਂ ਦੇ ਅਰਥਾਂ ਨੂੰ
ਸਮਝਣਾ।
ਕਿਉਂਕਿ ਕਦੀ ਕਦੀ ਤਾਂ ਮੈਂ
ਬਿਨ ਬੋਲੇ ਹੀ ਬਹੁਤ ਕੁੱਝ
ਕਹਿ ਜਾਂਦੀ ਹਾਂ।
ਜੋ ਮੇਰੇ ਦਿਲ ਦੀਆਂ ਗਹਿਰਾਈਆਂ
ਤੋਂ ਨਿਕਲੇ ਬੋਲ ਹੁੰਦੇ ਨੇ
ਤੇ ਰੋਜਮਰਾ ਦੀ ਜ਼ਿੰਦਗੀ ਤੋਂ
ਬਹੁਤ ਪਰੇ ਹੁੰਦੇ ਨੇ
ਜਾਂ ਫਿਰ ਅੱਖਾਂ ਦੀ ਭਾਸ਼ਾ ਸਿੱਖ
ਮੈਨੂੰ ਸਾਹਮਣੇ ਬਿਠਾ ਕੇ
ਮੇਰੀਆਂ ਅੱਖਾਂ 'ਚੋਂ ਪੜ੍ਹ
ਮੇਰੇ ਦਿਲ ਦੇ ਅੱਖਰਾਂ ਨੂੰ
ਜੋ ਹਮੇਸ਼ਾ ਤੈਨੂੰ ਕੁੱਝ ਕਹਿਣ
ਲਈ ਬੇਬੋਲ ਹੋ ਜਾਂਦੇ ਨੇ।
ਹਮੇਸ਼ਾਂ ਬੇਬੋਲ ਹੋ ਜਾਂਦੇ ਨੇ ।

## ਕੁੱਝ ਲਿਖਿਆ

ਮੈਂ ਬੰਦ ਦਰਵਾਜ਼ੇ 'ਚੋਂ ਝਾਕ ਕੇ
ਕੁੱਝ ਲਿਖਿਆ।
ਤੈਨੂੰ ਪਸੰਦ ਹੋਵੇ ਜਾਂ ਨਾ
ਮੈਂ ਫਿਰ ਵੀ ਲਿਖਿਆ।
ਤੂੰ ਤਾਂ ਖ਼ਿਆਲ ਵੀ ਨਾ ਰੱਖਿਆ
ਮੈਂ ਤਾਂ ਫਿਰ ਵੀ ਲਿਹਾਜ਼ 'ਚ ਰਹਿ
ਕੇ ਲਿਖਿਆ।
ਮਰ ਜਾਣਿਆ ਦਿਲਾ
ਤੂੰ ਤਾਂ ਬੇਹਿਸਾਬ
ਪਿਆਰ 'ਚ ਪੈ ਕੇ ਲਿਖਿਆ।
ਮੇਰੀ ਡਾਇਰੀ ਤੂੰ ਖੋਲ੍ਹ ਕੇ ਦਿਖਾ
ਕੀ ਕੁੱਝ ਹੈ ਲਿਖਿਆ।
ਦੱਸ ਤਾਂ ਸਹੀ
ਖੁੱਲ੍ਹੀ ਕਵਿਤਾ ਸਾਰ ਜਿਹਾ ਲਿਖਿਆ,
ਜਾਂ ਗੀਤ ਗ਼ਜ਼ਲ ਦੇ ਕਾਵਿ ਜਿਹਾ ਲਿਖਿਆ
ਸੁਣ ਜੇ ਤੂੰ ਨਾ ਕੀਤਾ ਹੁੰਦਾ ਮੇਰੇ ਨਾਲ ਕੋਈ ਜ਼ਿਕਰ
ਤਾਂ ਫਿਰ ਮੈਂ ਕੀ ਲਿਖਦੀ
ਬਸ
ਤੈਨੂੰ ਦੇਖ ਕੇ, ਤੈਨੂੰ ਪੜ੍ਹ ਕੇ
ਤੈਨੂੰ ਸੁਣ ਕੇ, ਤੇਰੇ ਨਾਲ ਗੱਲਾਂ
ਕਰਕੇ ਹੀ ਸਾਰ ਲੈਂਦੀ।
ਤੇਰੇ ਕਰਕੇ ਹੀ ਤਾਂ ਸਭ ਕੁੱਝ ਲਿੱਖ ਸਕੀ ਹਾਂ
ਸਿਰਫ਼ ਤੇਰੇ ਕਰਕੇ!

## ਕੱਚਾ ਘੜਾ

ਸੁਣ ਯਾਰਾ ਦਿਲ ਮੇਰੇ ਦੀ
ਇਕ ਮਜ਼ਬੂਰੀ,
ਤੇਰੇ ਨਾਲ ਖਾਣੀ ਮੈਂ
ਇਕੋਂ ਛੰਨੇ ਵਿੱਚੋਂ ਚੂਰੀ।

ਰਾਂਝਾ ਹੀਰ ਮੈਂ ਬਣ
ਦੁਨੀਆਂ ਨੂੰ ਦਿਖਾਉਣਾ ਏ
ਪਿਆਰ ਵਿਚ ਤੇਰੇ ਨਾਲ
ਮਰ ਮੈਂ ਜਾਣਾ ਏ।
ਤੁਸੀਂ ਵੱਟੋ ਨਾ ਜੀ ਘੂਰੀ।

ਕੱਚਾ ਘੜਾ ਰੱਖ ਮੈਂ
ਪਾਰ ਕਰ ਜਾਣਾ ਏ,
ਸੁਣ ਯਾਰਾ ਦਿਲ ਮੇਰੇ ਦੀ
ਇਕ ਮਜ਼ਬੂਰੀ,
ਐਵੇਂ ਪਾਉ ਨਾ ਜੀ ਦੂਰੀ।

ਆਪਣੇ ਉੱਤੇ ਇੰਨ੍ਹਾਂ ਵੀ
ਤੂੰ ਮਾਨ ਨਾ ਕਰੀਂ,
ਤੇਰੇ ਉੱਤੋਂ ਵਾਰ ਦੇਣੀ
ਜਾਨ ਸਾਰੀ ਦੀ ਸਾਰੀ।

ਜਾਣ ਕੇ ਤੂੰ ਦਿੰਦਾ ਮੈਨੂੰ
ਪਿਆਰ ਵਿਚ ਸਜ਼ਾ ਏ
ਚੁੱਪ ਚਾਪ ਲੈਂਦਾ ਬਸ
ਪਿਆਰ 'ਚ ਮਜਾ ਏ।

ਕੱਚਾ ਘੜਾ ਰੱਖ ਮੈਂ
ਪਾਰ ਕਰ ਜਾਣਾ ਏ
ਸੁਣ ਯਾਰਾ ਦਿਲ ਮੇਰੇ ਦੀ
ਇਕ ਮਜ਼ਬੂਰੀ 'ਸਵੀ'
ਐਵੇ ਪਾਉ ਨਾ ਜੀ ਦੂਰੀ ।

# ਮੈਂ ਇਕ ਔਰਤ ਹਾਂ

ਜਦ ਤੂੰ ਪਹਿਲੀ ਵਾਰ
ਮੈਨੂੰ ਦੇਖਿਆ ਤੇ ਸਮਝਿਆ
ਹੋਵੇਗਾ।
ਤਾਂ ਮੇਰੀ ਵਿਸ਼ਾਲਤਾ
ਨਿਮਰਤਾ, ਪ੍ਰੇਮ, ਪਿਆਰ ਅਤੇ ਤਿਆਗ
ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ
ਇਕ ਔਰਤ ਕਿਹਾ ਹੋਵੇਗਾ।
ਮੈਂ ਤੈਨੂੰ ਜੰਮਣ ਵਾਲੀ ਤੇਰੀ ਮਾਂ ਹਾਂ
ਤੇਰੀ ਭੈਣ ਹਾਂ
ਤੇਰੀ ਧੀ ਹਾਂ
ਤੇ ਤੈਨੂੰ ਪਿਆਰ ਦੇਣ ਵਾਲੀ ਤੇਰੀ ਮਹਿਬੂਬਾ
ਅਤੇ ਪਤਨੀ ਵੀ ਹਾਂ,
ਮੇਰੇ ਨੈਣ ਤੈਨੂੰ ਡੂੰਘੇ ਸਾਗਰ ਨੀਲੇ ਪਾਣੀ ਜਿਹੇ
ਜਾਪਦੇ ਨੇ।
ਜਿਸ ਵਿਚ ਹਮੇਸ਼ਾਂ ਤੈਰਨਾ ਚਾਹੁੰਦਾ ਹੈ।
ਤੇ ਜਦੋਂ ਤੈਨੂੰ ਮੇਰੀ ਛੂਹ ਮਿਲਦੀ ਹੈ ਤਾਂ
ਮੇਰਾ ਪਿਆਰ ਤੈਨੂੰ ਉਹਨਾਂ ਸਿਖਰਾਂ ਤੇ ਲੈ ਜਾਂਦਾ ਹੈ,
ਜਿੱਥੇ ਕੁੱਝ ਹੋਰ ਪਾਉਣ ਦੀ ਇੱਛਾ ਹੀ ਨਹੀਂ ਰਹਿੰਦੀ,
ਤੇ ਤੇਰੇ ਦਿਲ 'ਚ ਉੱਠਣ ਵਾਲੇ ਉਹਨਾਂ ਵਲਵਲਿਆਂ
ਨੂੰ ਮੈਂ ਸ਼ਾਂਤ ਕਰਦੀ ਹਾਂ। ਮੈਂ ਸਿਰਫ਼ ਤੇਰੀ ਸੇਜ
ਸਜਾਉਣ ਵਾਲੀ ਨਹੀਂ
ਤੇ ਨਾ ਹੀ ਘਰ ਵਿਚ ਪਈ ਹੋਈ ਕੋਈ
ਬੇਜਾਨ ਵਸਤੂ,
ਮੇਰੇ ਦਿਲ ਵਿਚ ਵੀ ਧੜਕਣ ਹੈ ਜੋ ਤੇਰੇ ਹੀ ਦਿਲ ਵਾਂਗ
ਧੜਕਦੀ ਹੈ।
ਮੈਂ ਸਿਰਫ਼ ਪਿੰਜਰੇ 'ਚ ਰਹਿਣ ਵਾਲੀ ਚਿੜੀ ਨਹੀਂ ਹਾਂ
ਮੈਨੂੰ ਵੀ ਤਾਂ ਉੱਡਣਾ ਆਉਂਦਾ ਹੈ।

ਇਹ ਆਸਮਾਨ ਇੱਕਲਾ ਤੇਰੇ ਲਈ ਕਿਉਂ,
ਮੈਂ ਵੀ ਤਾਂ ਉੱਡਣਾ ਚਾਹੁੰਦੀ ਹਾਂ ਤੇਰੇ ਬਰਾਬਰ
ਖੰਭ ਫੈਲਾ ਕੇ । ਸੁਣ
ਜੇ ਤੈਨੂੰ ਮੇਰੇ ਉੱਤੇ
ਅਧਿਕਾਰ ਜਤਾਉਣਾ ਇੰਨਾ ਚੰਗਾ ਲੱਗਦਾ ਏ
ਤਾਂ ਮੈਨੂੰ ਵੀ ਤਾਂ ਕੁੱਝ ਹੱਕ ਦੇ ?
ਜਦੋਂ ਮੈਂ ਅਤੇ ਤੂੰ ਇਕੱਠੇ ਹੋਏ ਤੇ
ਸਿਰਫ਼ ਤੇ ਸਿਰਫ਼ ਰੂਹਾਂ ਦੀ ਵਸਤਰਹੀਣਤਾ ਹੋਵੇ।
ਜੋ ਤੂੰ ਕਹੇ ਉਹ ਤੂੰ ਹੋਵੇ।
ਜੋ ਮੈਂ ਕਹਾਂ ਉਹ ਮੈਂ ਹੋਵਾ।
ਤੇਰੇ ਤੇ ਮੇਰੇ ਵਿਚਕਾਰ ਕੋਈ ਲਕੀਰ ਨਾ ਹੋਵੇ
ਮੈਂ ਹੀ ਕਿਉਂ ਮੋਮ ਦੀ ਮੂਰਤੀ ਵਾਂਗ
ਆਪਣਾ ਆਪ ਪਿਘਲਾਵਾਂ
ਮੈਂ ਸਿਰਫ਼ ਇਕ ਔਰਤ ਨਹੀਂ ਹਾਂ।
ਬਲਕਿ ਇਹ ਪੂਰਾ ਬ੍ਰਹਿਮੰਡ ਹਾਂ ਜਿਸ ਦੀ ਦੇਣ
ਤੂੰ ਕਦੀ ਵੀ ਨਹੀਂ ਦੇ ਸਕਦਾ।
ਤੇ ਔਰਤ ਦੀ ਪ੍ਰੀਭਾਸ਼ਾ ਦੇਣ ਲੱਗੇ ਤੂੰ
ਹਮੇਸ਼ਾ ਨਿ-ਸ਼ਬਦ ਰਹੇਗਾ!!

# ਨਿੱਕੀ ਜਿਹੀ ਕੋਸ਼ਿਸ਼

ਸੁਣ ਮੇਰੇ ਜਜ਼ਬਾਤਾਂ ਨੂੰ
ਆਪਣੇ ਦਿਲ ਤੋਂ
ਮੈਂ ਹਾਂ ਤੇਰਾ ਪਿਆਰ
ਹਮੇਸ਼ਾਂ ਕਰਦੀ ਹਾਂ
ਤੇਰਾ ਇੰਤਜ਼ਾਰ
ਆਪਣੀਆਂ ਕਵਿਤਾਵਾਂ ਨੂੰ
ਸੁਣ ਹੁਣ ਤੂੰ ਮੇਰੀ ਜ਼ੁਬਾਨੀ
ਜਾਣ ਕੇ ਝੂਠ ਹੁਣ
ਤੂੰ ਪੈਰਾਂ 'ਚ ਨਾ ਰੋਲ਼ੀ।
ਲਗਾ ਚੁੱਕੀ ਹਾਂ,
ਜ਼ਿੰਦਗੀ
ਹੁਣ ਤੇਰੇ ਨਾਂ
ਮੈਂ ਕੋਈ ਸਬੂਤ ਨਹੀਂ
ਦੇਣਾ ਚਾਹੁੰਦੀ।
ਕੀ ਕਰਦੀ ਹਾਂ ਤੈਨੂੰ
ਕਿੰਨਾਂ ਪਿਆਰ
ਹਾਂ! ਮਗਰ
ਸੋਚਦੀ ਹਾਂ ਕੀ
ਨਿੱਕੀ ਜਿਹੀ ਕੋਸ਼ਿਸ਼
ਨਾਲ ਤੈਨੂੰ ਪਾ ਸਕਣ
ਦੀ ਇੱਛਾ ਨੂੰ
ਪੂਰੀ
ਕਰ ਸਕਾਂ 'ਸਵੀ'।

●